Vide R.N.I. No. Pun-Pun 2002/8323

ASR/0001/2021/23

ੴ ਸਤਿਗੁਰ ਪ੍ਰਸਾਦਿ ।।

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

D.O.P. 15 Sept. 2022

ਨਿਰੋਲ ਧਾਰਮਿਕ ਪੱਤ੍ਰਿਕਾ

ਅੰਕ: 147

ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਬਾਈਵਾਂ ਭਾਗ- ਬੀਬੀ ਰਜਨੀ ਜੀ

ਸੇਵਾ ਤੇ ਸਿਮਰਨ ਦੇ ਪੁੰਜ ਭਾਈ ਘਨੱਈਆ ਜੀ ਦਾ ਜੀਵਨ

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਰਾਤ ਕਿੱਥੋਂ ਚੱਲੀ ਤੇ ਕੈਸੀ ਸੀ?

ਅੰਦਰ ਪੜ੍ਹੋ ਜੀ



ਸੇਵਾ ਤੇ ਸਿਮਰਨ ਦੇ ਪੁੰਜ ਭਾਈ ਘਨੱਈਆ ਜੀ

# ਭਾਈ ਮਤੀਦਾਸ ਜੀ ਚੈਰੀਟੇਬਲ ਸੁਸਾਇਟੀ ਦੀ 21ਵੀਂ ਵਰ੍ਹੇਗੰਢ ਨੂੰ ਸਮਰਪਿਤ ਸਮਾਗਮ

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ 23 ਜੁਲਾਈ 2022 ਨੂੰ ਮਹਾਨ ਕੀਰਤਨ ਦਰਬਾਰ ਗੁ: ਡੇਰਾ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ, ਜਮੁਨਾਪਾਰ ਦਿੱਲੀ ਵਿਖੇ ਕਰਵਾਇਆ ਗਿਆ। ਜਿਸ ਵਿੱਚ ਮਹਾਂਪੁਰਖ, ਸਿੰਘ ਸਾਹਿਬ ਅਤੇ ਗੁਰੂ ਘਰ ਦੇ ਮਹਾਨ ਕੀਰਤਨੀਆਂ ਨੇ ਹਾਜ਼ਰੀਆਂ ਭਰੀਆਂ। ਸਮਾਗਮ ਦੀ ਸਮਾਪਤੀ ਉਪਰੰਤ ਭਾਈ ਮਤੀਦਾਸ ਜੀ ਭਲਾਈ ਕੇਂਦਰ ਦੇ ਮੁੱਖ ਸੇਵਾਦਾਰ ਬੀਬੀ ਜਗਜੀਤ ਕੌਰ ਜੀ ਵੱਲੋਂ ਵਿਧਵਾ ਬੀਬੀਆਂ ਨੂੰ ਰਾਸ਼ਨ ਤੇ ਸੂਟ ਵੰਡੇ ਗਏ ਅਤੇ 65 ਟੀਚਰ ਜੋ ਕਿ ਨਿਸ਼ਕਾਮ ਸੇਵਾ ਨਿਭਾ ਰਹੇ ਹਨ, ਤਕਰੀਬਨ 1800 ਬੱਚਿਆਂ ਦੀਆਂ ਆਨਲਾਈਨ ਤੇ ਆਫਲਾਈਨ ਕਲਾਸਾਂ ਲਗਾਉਂਦੇ ਹਨ, ਉਨ੍ਹਾਂ ਟੀਚਰਾਂ ਨੂੰ ਸਨਮਾਨਿਤ ਕੀਤਾ ਗਿਆ।




1. ਭਾਈ ਜਸਕਰਨ ਸਿੰਘ ਜੀ (ਪਟਿਆਲੇ ਵਾਲੇ), 2. ਭਾਈ ਮਨਪ੍ਰੀਤ ਸਿੰਘ ਜੀ ਕਾਨਪੁਰੀ, 3. ਭਾਈ ਅਮਨਦੀਪ ਸਿੰਘ ਜੀ ਕਥਾ-ਕੀਰਤਨ ਦੀਆਂ ਹਾਜ਼ਰੀਆਂ ਭਰਦੇ ਹੋਏ, 4. ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਜੀ (ਸੱਚਖੰਡ ਸ੍ਰੀ ਦਰਬਾਰ ਸਾਹਿਬ), 5. ਸੰਗਤਾਂ ਤੇ ਮਾਤਾ ਵਿਪਨਪ੍ਰੀਤ ਕੌਰ ਜੀ (ਲੁਧਿਆਣੇ ਵਾਲੇ) ਕਥਾ-ਕੀਰਤਨ ਦਾ ਅਨੰਦ ਮਾਣਦੀਆਂ ਹੋਈਆਂ, 6. ਵਿਧਵਾ ਬੀਬੀਆਂ ਨੂੰ ਰਾਸ਼ਨ ਤੇ ਸੂਟ ਵੰਡਦੇ ਹੋਏ ਬੀਬੀ ਜਗਜੀਤ ਕੌਰ ਜੀ ਅਤੇ ਸਹਿਯੋਗੀ, 7-8. 65 ਟੀਚਰ ਜੋ ਕਿ ਨਿਸ਼ਕਾਮ ਸੇਵਾ ਨਿਭਾ ਰਹੇ ਹਨ, ਉਨ੍ਹਾਂ ਟੀਚਰਾਂ ਨੂੰ ਸਨਮਾਨਿਤ ਕਰਦੇ ਹੋਏ ਸਿੰਘ ਸਾਹਿਬ ਤੇ ਬੀਬੀ ਜਗਜੀਤ ਕੌਰ ਜੀ।

Asr. G.P.O.No. PB0001/ 2021-23

ੴ ਸਤਿਗੁਰ ਪ੍ਰਸਾਦਿ।।

ਅੰਕ-147ਵਾਂ (2022)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਜਸਵਿੰਦਰ ਸਿੰਘ (ਪਟਿਆਲਾ), ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ
ਸ. ਕੰਵਲਜੀਤ ਸਿੰਘ, ਦਿੱਲੀ

ਕੰਪਿਊਟਰ: ਸਿਫਤਿ ਸਾਲਾਹ ਦਫਤਰ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: **ਸਿਫਤਿ ਸਾਲਾਹ**, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

- ਸੰਪਾਦਕੀ 4
- ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਬਾਈਵਾਂ ਭਾਗ- ਬੀਬੀ ਰਜਨੀ ਜੀ 5
- ਭਾਈ ਘਨੱਈਆ ਜੀ ਦਾ ਜੀਵਨ 13
- ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 19
- ਜ਼ਿੰਦਗੀ ਦੀਆਂ ਬਰੀਕੀਆਂ 22
- ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਰਾਤ ਕਿੱਥੋਂ ਚੱਲੀ ਤੇ ਕੈਸੀ ਸੀ? 23
- ਅਧਿਆਤਮਿਕ ਵਿਚਾਰਾਂ 29
- 400 ਸਾਲ ਗੁਰ ਇਤਿਹਾਸ ਦੇ ਨਾਲ 30
- ਅਨਮੋਲ ਬਚਨ 31
- धन्य धन्य श्री गुरु रामदास जी की बख्शिश को पहचानें 32
- जिंदगी की बारीकियाँ 40
- What Four Blessings Did Baba Bidhi Chand Ji Asked for from The Sixth Master? 41
- True Guru Helps Attain Salvation Whereas False One Leaves in the Lurch 46
- ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 50

*ਨੋਟ :* ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਵਿਰਕਤ ਸਾਧੂ, ਬੰਦਗੀ ਦੀ ਮੂਰਤ, ਮਾਇਆ ਤੋਂ ਨਿਰਲੇਪ, ਬ੍ਰਹਮ ਗਿਆਨੀ ਬਾਬਾ ਨੰਦ ਸਿੰਘ ਜੀ ਨਾਨਕਸਰ ਵਾਲੇ ਮਹਾਂਪੁਰਸ਼ਾਂ ਦੀ ਬਰਸੀ ਅਗਸਤ ਮਹੀਨੇ ਵਿੱਚ ਆਉਂਦੀ ਹੈ। ਨਾਨਕਸਰ ਠਾਠ ਜਾਈਏ ਤੇ ਕਈ-ਕਈ ਕਿਲੋਮੀਟਰ ਤੱਕ ਦਰਸ਼ਨ ਕਰਨ ਵਾਲਿਆਂ ਦੀਆਂ ਲਾਈਨਾਂ ਲੱਗੀਆਂ ਹੁੰਦੀਆਂ ਹਨ। ਕਈ-ਕਈ ਕਿਲੋਮੀਟਰ ਤੱਕ ਦਰਸ਼ਨ ਕਰਨ ਵਾਸਤੇ ਆਈਆਂ ਸੰਗਤਾਂ ਲਈ ਵੱਖ-ਵੱਖ ਪਿੰਡਾਂ ਵੱਲੋਂ, ਵੱਖ-ਵੱਖ ਸੁਸਾਇਟੀਆਂ ਵੱਲੋਂ ਲੰਗਰਾਂ ਦਾ ਇੰਤਜ਼ਾਮ ਕੀਤਾ ਜਾਂਦਾ ਹੈ। ਕਈ-ਕਈ ਦਿਨ ਇਹ ਬਰਸੀ ਸਮਾਗਮ ਚਲਦੇ ਹਨ। ਬੜੀ ਦੂਰ-ਦੂਰ ਤੋਂ ਸੰਗਤਾਂ ਦਰਸ਼ਨ ਕਰਨ ਵਾਸਤੇ ਆਉਂਦੀਆਂ ਹਨ ਤੇ ਇਨ੍ਹਾਂ ਦਿਨਾਂ ਵਿੱਚ ਇੱਥੇ ਆਉਣ ਨੂੰ ਸੰਗਤਾਂ ਤਰਸਦੀਆਂ ਹਨ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਨਾਲ ਪ੍ਰੀਤ ਰੱਖਣ ਵਾਲੇ, ਉਨ੍ਹਾਂ ਨਾਲ ਪ੍ਰੇਮ ਕਰਨ ਵਾਲਿਆਂ ਦੇ ਅੰਦਰ ਖਿੱਚ ਉੱਠਦੀ ਹੈ ਕਿ ਇਨ੍ਹਾਂ ਦਿਨਾਂ ਵਿੱਚ ਨਾਨਕਸਰ ਠਾਠ ਜਾ ਕੇ ਨਤਮਸਤਕ ਹੋ ਕੇ ਆਈਏ। ਕਾਰਨ ਕੀ ਹੈ? ਇੱਕ ਪ੍ਰੇਮ ਵਿੱਚ ਰਤੜੇ ਮਹਾਂਪੁਰਸ਼ ਨੇ ਜੀਵਨ ਨੂੰ ਇੱਕ ਮਰਿਆਦਾ ਵਿੱਚ ਰੱਖ ਕੇ ਬੰਦਗੀ ਕੀਤੀ। ਕਮਾਈਆਂ ਵੀ ਕੀਤੀਆਂ ਤੇ ਕਮਾਈਆਂ ਸੰਭਾਲੀਆਂ ਵੀ ਤੇ ਨਾਲ ਇਸ ਦੁਨੀਆਂ ਲਈ ਇੱਕ ਲਕੀਰ ਪਾਈ, ਦੁਨੀਆਂ ਨੂੰ ਦੱਸਿਆ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਕੋਈ ਵਰਕੇ ਨਹੀਂ, ਸਿਆਹੀ ਨਹੀਂ, ਜਿਲਦ ਨਹੀਂ, ਆਪ ਪ੍ਰਤੱਖ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਹਨ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਪ੍ਰਤੱਖ ਹਾਜ਼ਰ ਨਾਜ਼ਰ ਸਤਿਗੁਰੂ ਜਾਣ ਕੇ ਸੇਵਾ ਕੀਤੀ।

ਬਾਬਾ ਨੰਦ ਸਿੰਘ ਜੀ ਦਾ ਜੀਵਨ ਪੜ੍ਹੀਏ ਤੇ ਅੰਦਰਲਾ ਦ੍ਰਵ ਜਾਂਦਾ ਹੈ। ਬਾਬਾ ਜੀ ਦੀ ਮਰਿਆਦਾ ਦੇਖੀਏ ਤੇ ਸੀਸ ਝੁੱਕ ਜਾਂਦਾ ਹੈ। ਬਾਬਾ ਜੀ ਨੇ ਆਪਣੇ ਜੀਵਨ ਵਿੱਚ ਆਪਣੇ ਤੇ ਕੁਝ ਬੈਨ ਲਗਾਏ ਹੋਏ ਸਨ- ਮਾਇਆ ਨੂੰ ਕਦੀ ਹੱਥ ਨਹੀਂ ਲਗਾਇਆ, ਇਕੱਲੀ ਇਸਤਰੀ ਨਾਲ ਕਦੀ ਗੱਲ ਨਹੀਂ ਕੀਤੀ, ਕੋਈ ਜ਼ਮੀਨ ਜਾਇਦਾਦ ਆਪਣੇ ਨਾਂ ਨਹੀਂ ਲਗਾਈ। ਇਹ ਬੈਨ ਆਪਣੇ ਤੇ ਲਗਾਉਣੇ ਬੜੇ ਹੀ ਔਖੇ ਹਨ ਪਰ ਬਾਬਾ ਜੀ ਨੇ ਇਹ ਬੈਨ ਆਪਣੇ ਜੀਵਨ ਦੇ ਅਖੀਰਲੇ ਸਵਾਸ ਤੱਕ ਨਿਭਾਏ। ਸ਼ਾਇਦ ਹੀ ਕੋਈ ਘੜੀ ਹੋਵੇਗੀ ਜਿਹੜੀ ਨਾਮ ਤੋਂ ਬਿਨਾਂ ਨਿਕਲੀ ਹੋਵੇ। 24 ਘੰਟੇ ਨਾਮ ਹੀ ਨਾਮ, ਬੰਦਗੀ ਹੀ ਬੰਦਗੀ। ਸਾਰਾ ਦਿਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰੇਮ ਵਿੱਚ। ਇੰਨਾ ਸਤਿਕਾਰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਕਿ ਸਭ ਤੋਂ ਉੱਚੀ ਜਗ੍ਹਾ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ, ਫਿਰ ਰਾਗੀ ਸਿੰਘ ਤੇ ਸੰਗਤ ਤੇ ਫਿਰ ਆਪ ਟੋਆ ਪੁੱਟ ਕੇ ਬੈਠਣਾ ਤੇ ਅੰਦਰ ਭਾਵਨਾ ਰੱਖਣੀ ਕਿ ਕਿਤੇ ਸੰਗਤਾਂ ਦੀ ਚਰਨ ਧੂੜੀ ਮੇਰੇ ਤੇ ਪਵੇ ਤੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨਦਰਿ ਕਰਕੇ ਮੈਨੂੰ ਆਪਣਾ ਸਿੱਖ ਬਣਾ ਲੈਣ। ਇੰਨੀ ਬੰਦਗੀ, ਇੰਨੀ ਕਮਾਈ ਜਿੱਥੇ ਹੋਵੇਗੀ ਤੇ ਉਸ ਜਗ੍ਹਾ ਨੂੰ ਗੁਰੂ ਸਾਹਿਬ ਦੀ ਕਿਰਪਾ ਨਾਲ ਭਾਗ ਆਪਣੇ ਆਪ ਲੱਗਣੇ ਹੀ ਹਨ। ਇਸ ਲਈ ਸੰਗਤਾਂ ਲੋਚਦੀਆਂ ਹਨ ਕਿ ਇਸ ਅਸਥਾਨ ਤੇ ਜਿੱਥੇ ਬਾਬਾ ਜੀ ਨੇ ਨਾਮ ਦੀਆਂ ਕਮਾਈਆਂ ਕੀਤੀਆਂ, ਉੱਥੋਂ ਦੀ ਚਰਨ ਧੂੜੀ ਮਸਤਕ ਤੇ ਲਗਾਈਏ ਤਾਂ ਕਿ ਕਿਤੇ ਸਾਡੇ ਵੀ ਭਾਗ ਬਦਲ ਜਾਣ। ਸਾਡੇ ਕਰਮਾਂ ਵਿੱਚ ਵੀ ਗੁਰੂ ਸਾਹਿਬ ਨਾਮ ਅਭਿਆਸ ਦੇ ਚੌਕੜੇ ਲਿਖ ਦੇਣ।

ਆਓ! ਇਹ ਬਰਸੀ ਸਮਾਗਮ ਮਨਾਉਂਦਿਆਂ ਅਸੀਂ ਵੀ ਆਪਣਾ ਨੇਮ ਵਧਾਈਏ ਤੇ ਜੇ ਹੋ ਸਕੇ ਤੇ ਨਾਨਕਸਰ ਠਾਠ ਦੀ ਪਾਵਨ ਧਰਤੀ ਤੇ ਜਾ ਕੇ ਉੱਥੋਂ ਦੀ ਚਰਨ ਧੂੜੀ ਮਸਤਕ ਤੇ ਲਗਾਈਏ। ਪਤਾ ਨਹੀਂ ਕਿਸੇ ਬਖਸ਼ੇ ਹੋਏ ਦੇ ਚਰਨਾਂ ਦੀ ਧੂੜੀ ਸਦਕਾ ਸਾਡੇ ਅੰਦਰ ਵੀ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਪ੍ਰਤੀ ਪ੍ਰੇਮ ਦੀ ਰੌਂਅ ਚਲ ਪਵੇ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

*—ਸੰਪਾਦਕ*

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਬਾਈਵਾਂ ਭਾਗ- ਬੀਬੀ ਰਜਨੀ ਜੀ

## ਉਹ ਸਤਿਕਾਰਯੋਗ ਬੀਬੀ ਜਿਸ ਰਾਹੀਂ ਦੁੱਖ ਭੰਜਨੀ ਬੇਰੀ ਸਾਹਿਬ ਪ੍ਰਗਟ ਹੋਈ

**ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ—''ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ'' ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਬਾਈਵਾਂ ਭਾਗ- ਬੀਬੀ ਰਜਨੀ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।**

*—ਸੰਪਾਦਕ*

*ਮ: ੧॥*

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥*
*ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥*
*ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥*

*(ਅੰਗ ੪੭੩)*

ਸਾਰੀ ਸੰਗਤ ਜੁਗੋ ਜੁੱਗ ਅਟੱਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਆਰ, ਸਤਿਕਾਰ ਵਿੱਚ ਗਜ ਕੇ ਆਖੋ, ਸਤਿਨਾਮੁ ਸ੍ਰੀ ਵਾਹਿਗੁਰੂ ਜੀ।

ਆਓ, ਹੁਣ ਜਿਹੜਾ ਪ੍ਰਕਰਨ ਚੱਲ ਰਿਹਾ ਹੈ, ਸਤਿਗੁਰੂ ਜੀ ਆਪ ਹੀ ਸਿਰ ਤੇ ਹੱਥ ਰੱਖ ਕੇ ਸੇਵਾ ਲੈਣ :

### ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ :

ਪਹਿਲੇ ਭਾਗ ਵਿੱਚ ਆਪ ਜੀ ਨੇ ਬੀਬੀ ਵੀਰੋ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਸਨ। ਦੂਸਰੇ ਭਾਗ ਵਿੱਚ ਆਪ ਜੀ ਨੇ ਮਾਤਾ ਭਿਰਾਈ ਜੀ ਦੇ ਜੀਵਨ ਦੇ ਦਰਸ਼ਨ ਕੀਤੇ। ਤੀਸਰੇ ਭਾਗ ਵਿੱਚ ਮਾਤਾ ਖੀਵੀ ਜੀ, ਚੌਥੇ ਭਾਗ ਵਿੱਚ ਬੀਬੀ ਭਾਨੀ ਜੀ, ਪੰਜਵੇਂ ਭਾਗ ਵਿੱਚ ਬੇਬੇ ਨਾਨਕੀ ਜੀ, ਛੇਵੇਂ ਭਾਗ ਵਿੱਚ ਮਾਤਾ ਗੰਗਾ ਜੀ, ਸੱਤਵੇਂ ਭਾਗ ਵਿੱਚ ਮਾਤਾ ਸੁਲੱਖਣੀ ਜੀ, ਅੱਠਵੇਂ ਭਾਗ ਵਿੱਚ ਬੀਬੀ ਰਾਮੋ ਜੀ, ਨੌਵੇਂ ਭਾਗ ਵਿੱਚ ਬੀਬੀ ਕੌਲਾਂ ਜੀ, ਦਸਵੇਂ ਭਾਗ ਵਿੱਚ ਬੀਬੀ ਦੇਸਾਂ ਜੀ, ਗਿਆਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਗੁਜਰ ਕੌਰ ਜੀ, ਬਾਰ੍ਹਵੇਂ ਤੇ ਤੇਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਸਾਹਿਬ ਕੌਰ ਜੀ, ਚੌਦਵੇਂ ਭਾਗ ਵਿੱਚ ਧੰਨ ਧੰਨ ਮਾਤਾ ਭਾਗ ਕੌਰ ਜੀ (ਮਾਈ ਭਾਗੋ ਜੀ), ਪੰਦਰ੍ਹਵੇਂ ਭਾਗ ਵਿੱਚ ਰਾਣੀ ਮੈਣੀ ਜੀ,

ਸੋਲ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਮਨਸਾ ਦੇਈ ਜੀ, ਸਤਾਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਜੀਤੋ ਜੀ, ਅਠਾਰ੍ਹਵੇਂ ਭਾਗ ਵਿੱਚ ਬੀਬੀ ਬਸੰਤ ਲਤਾ ਕੌਰ ਜੀ, ਉਨ੍ਹੀਵੇਂ ਭਾਗ ਵਿੱਚ ਧੰਨ ਧੰਨ ਬੀਬੀ ਅਮਰੋ ਜੀ, ਵੀਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਨਾਨਕੀ ਜੀ ਤੇ ਇੱਕੀਵੇਂ ਭਾਗ ਵਿੱਚ ਧੰਨ ਧੰਨ ਮਾਤਾ ਭਾਗ ਭਰੀ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਹਨ। ਹੁਣ ਇਸ ਅੰਕ ਵਿੱਚ ਬਾਈਵੇਂ ਭਾਗ ਵਿੱਚ ਉਸ ਬੀਬੀ ਦੇ ਜੀਵਨ ਦੇ ਦਰਸ਼ਨ ਕਰਨੇ ਹਨ ਜਿਸ ਨੇ ਦੁੱਖ ਭੰਜਨੀ ਬੇਰੀ ਵਾਲੇ ਅੰਮ੍ਰਿਤ ਕੁੰਡ ਨੂੰ ਪ੍ਰਗਟ ਕੀਤਾ :

***ਧੰਨ ਬੀਬੀ ਰਜਨੀ ਜੀ।***

ਕਮਾਈ ਸੀ, ਉਸ ਦੀ ਵੀ ਕੋਈ। ਬੰਦਗੀ ਸੀ। ਇਹ ਦੁੱਖ ਭੰਜਨੀ ਬੇਰੀ ਸਾਹਿਬ, ਉਸ ਦੇ ਪਿਆਰ ਵਿੱਚ ਪ੍ਰਗਟ ਹੋਈ। ਭਾਵੇਂ ਸਾਰੀ ਬਿੱਧ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਆਪ ਬਣਾਈ ਹੈ। ਦੁਨੀਆਂ ਦੇ ਸਾਹਮਣੇ ਪ੍ਰਤੱਖ ਚੀਜ਼ ਪ੍ਰਗਟ ਕੀਤੀ ਤੇ ਇਸ ਬੀਬੀ ਨੂੰ ਮਾਣ ਮਿਲਿਆ ਹੈ। ਗੁਰੂ ਸਾਹਿਬ ਕਿਰਪਾ ਕਰਨ, ਇਸ ਅੰਕ ਵਿੱਚ ਬੀਬੀ ਰਜਨੀ ਜੀ ਦੇ ਜੀਵਨ ਦੇ ਦਰਸ਼ਨ ਵਿੱਚੋਂ ਕੁਝ ਸਿੱਖਿਆ ਲੈਣੀ। ਪੜ੍ਹੋ ਜੀ ਇੱਕ ਵਾਰੀ ਪਿਆਰ ਨਾਲ :

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***
*(ਅੰਗ ੪੭੩)*

ਦਾਸ ਜਿਸ ਬੀਬੀ ਦਾ ਜ਼ਿਕਰ ਸ਼ੁਰੂ ਕਰਨ ਜਾ ਰਿਹਾ ਹੈ, ਧਿਆਨ ਦੇਣਾ। ਜਿਸ ਦਾ ਰੱਬ ਤੇ ਬੇਮਿਸਾਲ ਭਰੋਸਾ। ਰੱਬ ਉੱਪਰ ਪੂਰਨ ਭਰੋਸਾ। ਪਰਮੇਸ਼ਰ ਪ੍ਰਤੀ ਪੂਰਨ ਭਰੋਸੇ ਤੇ, ਇਸ ਬੀਬੀ ਦੇ ਜੀਵਨ ਵਿੱਚੋਂ ਦਰਸ਼ਨ ਹੁੰਦੇ ਹਨ। ਬੀਬੀ ਰਜਨੀ ਜੀ ਜਿਸ ਦੇ ਪੂਰਨ ਭਰੋਸੇ ਸਦਕਾ ਜੁਗਾਂ ਜੁਗ ਤੱਕ ਰਹਿਣ ਵਾਲਾ ਅੰਮ੍ਰਿਤ ਕੁੰਡ ਪ੍ਰਗਟ ਹੋਇਆ। ਬੀਬੀ ਰਜਨੀ ਜੀ ਦਾ ਜੀਵਨ ਪੜ੍ਹ ਕੇ ਜਿਹੜੇ ਰੱਬ ਤੇ ਭਰੋਸਾ ਰੱਖਦੇ ਹਨ, ਉਨ੍ਹਾਂ ਦੇ ਅੰਦਰ ਇਹ ਵਿਸ਼ਵਾਸ ਆ ਜਾਂਦਾ ਹੈ, ਜੇ ਮੈਂ ਉਸ ਗੁਰੂ ਪਰਮੇਸ਼ਰ ਦੀ ਬਣੀ ਹਾਂ ਤੇ ਇੱਕ ਨਾ ਇੱਕ ਦਿਨ ਉਸ ਦੀ ਕਿਰਪਾ ਦਾ ਮੀਂਹ ਮੇਰੇ ਤੇ ਜ਼ਰੂਰ ਪਵੇਗਾ। ਇਹ ਸੱਤ ਭੈਣਾਂ ਹੋਈਆਂ ਹਨ। ਕਈਆਂ ਨੇ ਪੰਜ ਵੀ ਲਿਖੀਆਂ ਹਨ। ਬਹੁਤ ਰਾਈਟਰਾਂ ਨੇ ਸੱਤ ਲਿਖੀਆਂ ਹਨ।

ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਬੀਬੀ ਰਜਨੀ ਜੀ ਦਾ ਪਿਤਾ ਪੱਟੀ ਦਾ ਕਾਰਗਾਰ ਸੀ ਤੇ ਮਾਮਲਾ ਉਗਰਾਹੁੰਦਾ ਸੀ। ਮੁਗਲ ਰਾਜ ਦਾ ਅਹੁਦੇਦਾਰ। ਰਾਜਿਆਂ ਦੇ ਤੁੱਲ ਅਹੁਦਾ। ਇਸ ਕਰਕੇ ਕਹਿੰਦੇ ਹਨ, ਪੱਟੀ ਦਾ ਰਾਜਾ। ਹੈ ਕਾਰਗਾਰ ਸੀ, ਮੁਗਲ ਰਾਜ ਦਾ। ਦਾਸ ਕੁਝ ਲਫਜ਼ ਦੱਸਣ ਲੱਗਾ ਹੈ, ਇਹ ਤੁਸੀਂ ਆਪਣੀ ਜ਼ਿੰਦਗੀ ਵਿੱਚ ਨਾ ਆਉਣ ਦੇਣਾ। ਇਹ ਜਿਹੜਾ ਪੱਟੀ ਦਾ ਰਾਜਾ ਸੀ, ਇਹ ਲਿਖਿਆ ਹੈ ਕਿ ਇਸ ਵਿੱਚ ਹੈਂਕੜ ਬੜੀ ਸੀ, ਹੰਕਾਰ ਬਹੁਤ ਸੀ। ਕੋਸ਼ਿਸ਼ ਕਰੋ, ਜ਼ਿੰਦਗੀ ਵਿੱਚ ਇਹ ਕਦੀ ਨਾ ਆਵੇ। ਦੂਜੀ ਗੱਲ ਇਹ ਵੀ ਕਦੀ ਨਾ ਆਉਣ ਦੇਣਾ, ਇਹ ਨਾਸਤਕ ਵੀ ਸੀ। ਸਾਰੀ ਸੰਗਤ ਇਹੋ ਅਰਦਾਸ ਕਰਿਆ ਕਰੋ :

***ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ,***
***ਤੇਰਾ ਨਾਮ ਚਿੱਤ ਆਵੈ।***

ਹੇ ਸਤਿਗੁਰੂ ਜੀ, ਕਿਰਪਾ ਕਰਨੀ। ਜੇ ਕਰਮਾਂ ਵਿੱਚ ਲਿਖਿਆ ਵੀ ਹੋਵੇ, ਕਿਸੇ ਨਾਸਤਕ ਦਾ ਮੇਲ ਤੇ ਉਹ ਬੰਧਨ ਕੱਟ ਦੇਣਾ। ਉਹ ਲੇਖ ਮਿਟਾ ਦੇਣਾ। ਜੁੜੇ ਹੋਏ ਨੂੰ ਵੀ ਤੋੜ ਦਿੰਦਾ ਹੈ, ਨਾਸਤਕ ਦਾ ਸੰਗ। ਤੀਜਾ ਲਿਖਿਆ ਹੈ, ਪੱਕਾ ਦੁਨੀਆਂਦਾਰੀ। ਹੈਂਕੜ, ਨਾਸਤਕ ਤੇ ਪੱਕਾ ਦੁਨੀਆਂਦਾਰੀ, ਪੱਟੀ ਦਾ ਰਾਜਾ। ਹੁਣ ਚੌਥੀ ਗੱਲ ਦਾਸ ਦੱਸਣ ਲੱਗਾ ਹੈ, ਇਹ ਵੀ ਨਾ ਆਉਣ ਦੇਣਾ। ਇਸ ਪੱਟੀ ਦੇ ਰਾਜੇ ਨੂੰ ਦੌਲਤ ਨੇ ਬਹੁਤ ਗਿਆਨਹੀਣ ਕਰ ਦਿੱਤਾ ਸੀ। ਬਹੁਤ ਦੌਲਤ ਨੇ, ਮਾਇਆ ਨੇ ਗਿਆਨਹੀਣ ਕਰ ਦਿੱਤਾ ਸੀ।

ਬਾਬਾ ਨੰਦ ਜੀ ਦੇ ਬਚਨ ਹਨ, ਕਹਿੰਦੇ, ਮਾਇਆ ਮਾੜੀ ਨਹੀਂ। ਇਸੇ ਮਾਇਆ ਵਿੱਚੋਂ ਹੀ ਵਾਹਿਗੁਰੂ-ਵਾਹਿਗੁਰੂ ਜਪਦਿਆਂ ਇੱਕ-ਇੱਕ ਚਾਵਲ ਦਾ ਦਾਨਾ ਚੁਣੇਂ, ਮਿੱਠੇ ਚਾਵਲ ਇਸੇ ਮਾਇਆ ਵਿੱਚੋਂ ਬਣਾਵੇਂ, ਜਗਿਆਸੂ ਬਣ ਕੇ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਦਰ ਤੇ ਜਾ ਕੇ ਆਪ ਹੱਥੀ ਸੰਗਤਾਂ ਦੀ ਸੇਵਾ ਵਿੱਚ ਚਾਵਲ ਵਰਤਾਉਣ ਦੀ ਹਾਜ਼ਰੀ ਲਗਾਵੇਂ ਤਾਂ ਕਰਮ ਵੀ ਬਦਲ ਜਾਂਦੇ ਹਨ। ਨੋਟ ਕਰਨਾ, ਹੈ ਇਹ ਵੀ ਮਾਇਆ ਪਰ ਕਿੰਨੀਆਂ ਅਸੀਸਾਂ ਮਿਲ ਰਹੀਆਂ ਹਨ। ਬਾਬਾ ਜੀ ਕਹਿੰਦੇ ਸੀ, ਮਾਇਆ ਮਾੜੀ ਨਹੀਂ, ਮਾਇਆ ਦੇ ਛਲ ਛਿੱਦਰ ਮਾੜੇ ਹਨ। ਉਸ ਤੋਂ ਬਚ ਕੇ ਰਹਿਣਾ ਹੈ। ਮਾਇਆ ਆਉਣ ਨਾਲ ਕਿਧਰੇ ਤੇਰੀਆਂ ਰਾਤਾਂ ਰੰਗ ਤਮਾਸ਼ਿਆਂ ਵਿੱਚ ਹੀ ਨਾ ਬੀਤ ਜਾਣ । ਇਹ ਮਾਇਆ ਦਾ ਛਲ ਛਿੱਦਰ ਹੈ। ਮਾਇਆ ਆਉਣ ਨਾਲ ਕਿਤੇ ਤੇਰਾ ਅੰਮ੍ਰਿਤ ਵੇਲਾ ਨਾ ਟੁੱਟ ਜਾਵੇ। ਮਾਇਆ ਆਉਣ ਨਾਲ ਕਿਧਰੇ ਪਾਰਟੀਆਂ ਤੇ ਰੰਗ ਤਮਾਸ਼ਿਆਂ ਦੀਆਂ ਮਸਤੀਆਂ ਵਿੱਚ ਹੀ ਜੀਵਨ ਨਾ ਬੀਤ ਜਾਵੇ।

ਬਾਬਾ ਨੰਦ ਸਿੰਘ ਜੀ ਤਾਂ ਇੱਥੋਂ ਤੱਕ ਬਚਨ ਕਰਦੇ ਸੀ, ਸਿੱਖ ਦੀ ਮਾਇਆ ਜੇਬ ਤੱਕ ਰਵ੍ਹੇ, ਹਿਰਦੇ ਤੇ ਨਾ ਬੈਠ ਜਾਵੇ। ਗਰੀਬ ਦਾ ਭਲਾ ਕਰੇ। ਨੰਗੇ ਦਾ ਤਨ ਕੱਜੇ, ਭੁੱਖੇ ਦਾ ਪੇਟ ਭਰੇ। ਸੰਗਤ ਦੀ ਸਹੂਲਤ ਲਈ ਅਨੇਕਾਂ ਤਰ੍ਹਾਂ ਦੇ ਉਪਰਾਲੇ ਕਰੇ। ਹੈ ਉਹ ਵੀ ਮਾਇਆ ਹੀ ਹੈ। ਇਹ ਲਿਖਿਆ ਹੈ, ਬਹੁਤ ਮਾਇਆ ਨੇ, ਦੌਲਤ ਨੇ ਇਸ ਪੱਟੀ ਦੇ ਰਾਜੇ ਨੂੰ ਗਿਆਨਹੀਣ ਕਰ ਦਿੱਤਾ, ਹਰਨਾਖਸ਼ ਵਰਗੀ ਬਿਰਤੀ ਹੋ ਗਈ, ਵਾਹਿਗੁਰੂ ਨੂੰ ਭੁੱਲ ਗਿਆ। ਆਪਣੀਆਂ ਸੱਤਾਂ ਧੀਆਂ ਨੂੰ ਇਕੱਠੀਆਂ ਕਰਕੇ ਪੁੱਛਦਾ ਹੈ, ਕਿਸ ਦਾ ਦਿੱਤਾ ਖਾ ਰਹੀਆਂ ਹੋ। ਪਹਿਲੀ ਨੂੰ ਪੁੱਛਿਆ, ਉਸ ਨੇ ਕਿਹਾ, ਪਿਤਾ ਜੀ, ਤੁਹਾਡਾ ਦਿੱਤਾ ਖਾਂਦੇ ਹਾਂ। ਬੜਾ ਖੁਸ਼। ਇਹ ਵੀ ਕਮਜ਼ੋਰੀ ਹੈ। ਜਦੋਂ ਬੰਦਾ ਆਪਣੀ ਵਡਿਆਈ ਸੁਣ ਕੇ ਖੁਸ਼ ਹੋਵੇ, ਇਹ ਕਮਜ਼ੋਰੀ ਹੁੰਦੀ ਹੈ। ਤੁਹਾਡੇ ਕੋਲੋਂ ਕੋਈ ਕੰਮ ਚੰਗਾ ਹੋ ਗਿਆ, ਅਗਲਾ ਤੁਹਾਡੀ ਵਡਿਆਈ ਕਰ ਰਿਹਾ ਹੈ ਪਰ ਜੇ ਤੁਹਾਡੇ ਮਨ ਵਿੱਚ ਹੋਵੇਗਾ ਕਿ ਚੰਗਾ ਕੰਮ ਕਰਵਾਉਣਾ ਪਰਮੇਸ਼ਰ ਦੇ ਹੱਥ ਹੈ, ਮੈਂ ਕੁਝ ਵੀ ਨਹੀਂ ਤੇ ਫਿਰ ਬਚੇ ਰਹੋਗੇ। ਜਦੋਂ ਤੁਹਾਡੀ ਕੋਈ ਵਡਿਆਈ ਕਰੇ, ਕਿਸੇ ਚੰਗੇ ਕੰਮ ਕਰਕੇ, ਉਸ ਵੇਲੇ ਫਿਰ ਜਿਸ ਬਿੱਧ ਨਾਲ ਉਸ ਨੇ ਚੰਗਾ ਕੰਮ ਕਰਵਾਇਆ ਹੈ, ਜਦੋਂ ਉਸ ਨੂੰ ਯਾਦ ਕਰੋਗੇ, ਕਦੀ ਵੀ ਸਾਧ ਸੰਗਤ ਜੀ, ਮਾਣ ਆਏਗਾ ਹੀ ਨਹੀਂ। ਹੁਣ ਤਾਰਾ ਰਾਣੀ ਜਿਸ ਦੀ ਇੱਕ ਖੜ੍ਹਾਂਵ ਰਾਜਾ ਚੁੱਕ ਕੇ ਲੈ ਗਿਆ ਸੀ ਪਰ ਜਦੋਂ ਸੰਗਤ ਦੀ ਅਰਦਾਸ ਨਾਲ ਤੀਜੀ ਖੜ੍ਹਾਂਵ ਮਿਲੀ, ਉਸ ਸਮੇਂ ਸਾਰੇ ਕਹਿੰਦੇ ਹੋਣਗੇ, ਤੇਰਾ ਇੰਨਾ ਪਿਆਰ ਹੈ, ਰੱਬ ਨਾਲ ਉਸ ਨੇ ਤੀਜੀ ਖੜ੍ਹਾਂਵ ਪੈਦਾ ਕਰ ਦਿੱਤੀ। ਲੋਕਾਂ ਨੇ ਤਾਂ ਵਡਿਆਈ ਕੀਤੀ ਹੋਵੇਗੀ, ਰਾਜੇ ਨੇ ਵੀ ਕੀਤੀ ਹੋਵੇਗੀ:

***ਸੁਖੁ ਰਾਜੇ ਹਰੀਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ।***
***ਸਾਧਸੰਗਤਿ ਮਿਲਿ ਗਾਵਦੇ ਰਾਤੀ ਜਾਇ ਸੁਣੈ ਗੁਰਬਾਣੀ।***
***ਪਿਛੈ ਰਾਜਾ ਜਾਗਿਆ ਅਧੀ ਰਾਤਿ ਨਿਖੰਡਿ ਵਿਹਾਣੀ।***
***ਰਾਣੀ ਦਿਸਿ ਨ ਆਵਈ ਮਨ ਵਿਚਿ ਵਰਤਿ ਗਈ ਹੈਰਾਣੀ।***
***ਹੋਰਤੁ ਰਾਤੀ ਉਠਿ ਕੈ ਚਲਿਆ ਪਿਛੈ ਤਰਲ ਜੁਆਣੀ।***
***ਰਾਣੀ ਪਹੁਤੀ ਸੰਗਤੀ ਰਾਜੇ ਖੜੀ ਖੜਾਉ ਨੀਸਾਣੀ।***

***(ਵਾਰ ੧੦, ਪਉੜੀ ੬)***

ਪਰ ਉਸ ਵੇਲੇ ਜੇ ਤਾਰਾ ਰਾਣੀ ਨੇ ਇਹ ਯਾਦ ਕੀਤਾ ਹੋਵੇਗਾ, ਜੇ ਤੀਜੀ ਖੜ੍ਹਾਂਵ ਆਈ ਹੈ ਤਾਂ ਉਸ ਦੀ ਬਿੱਧ ਕਿਵੇਂ ਬਣੀ? ਅਰਦਾਸ ਸੰਗਤ ਨੇ ਕੀਤੀ ਹੈ:

***ਸਾਧਸੰਗਤਿ ਆਰਾਧਿਆ ਜੋੜੀ ਜੁੜੀ ਖੜਾਉ ਪੁਰਾਣੀ।***
***ਰਾਜੇ ਡਿਠਾ ਚਲਿਤੁ ਇਹੁ ਏਹ ਖੜਾਵ ਹੈ ਚੋਜ ਵਿਡਾਣੀ।***
***ਸਾਧਸੰਗਤਿ ਵਿਟਹੁ ਕੁਰਬਾਣੀ ॥੬॥***

***(ਵਾਰ ੧੦, ਪਉੜੀ ੬)***

ਜੇ ਰਾਣੀ ਨੇ ਸੰਗਤ ਨੂੰ ਯਾਦ ਰੱਖਿਆ ਹੋਵੇਗਾ ਕਿ ਸੰਗਤ ਦੀ ਅਰਦਾਸ ਨਾਲ ਤੇ ਵਡਿਆਈ ਸੁਣ ਕੇ ਵੀ ਮਾਨ ਨਹੀਂ ਆਵੇਗਾ। ਜਦੋਂ ਤੁਹਾਡੀ ਕੋਈ ਵਡਿਆਈ ਕਰੇ, ਫਲਾਣਾ ਤੁਸੀਂ ਕੰਮ ਚੰਗਾ ਕੀਤਾ ਤੇ ਜਿਸ ਬਿੱਧ ਨਾਲ ਹੋਇਆ, ਉਸ ਦਾ ਸ਼ੁਕਰਾਨਾ, ਉਸ ਦੀ ਯਾਦ। ਉਹ ਬਿੱਧ ਨਾ ਬਣਦੀ, ਹੋਣਾ ਹੀ ਨਹੀਂ ਸੀ। ਇਹ ਗੁਰਮਤਿ ਹੈ। ਆਪਣੀ ਵਡਿਆਈ ਸੁਣ ਕੇ ਖੁਸ਼ ਹੋਣਾ, ਇਹ ਕਮਜ਼ੋਰੀ ਹੈ। ਇਸ ਨਾਲ ਪਰਚੇ ਪੈ ਸਕਦੇ ਹਨ। ਇਸ ਨਾਲ ਮੁੱਖ ਵਿੱਚੋਂ ਤੁਹਾਡੇ ਨਿਕਲ ਸਕਦਾ ਹੈ, ਹਾਂ ਹਾਂ, ਮੈਂ ਇਹੋ ਜਿਹੇ ਕੰਮ ਕਰ ਸਕਦਾ ਹਾਂ, ਫਿਰ ਪਰਚੇ ਪੈਂਦੇ ਹਨ।

ਪੱਟੀ ਦਾ ਰਾਜਾ ਇੱਕ ਧੀ ਨੂੰ ਪੁੱਛਦਾ ਹੈ, ਕਿਸ ਦਾ ਦਿੱਤਾ ਖਾ ਰਹੀ ਹੈਂ? ਕਹਿਣ ਲੱਗੀ, ਪਿਤਾ ਜੀ, ਤੁਹਾਡਾ ਦਿੱਤਾ। ਬੜਾ ਖੁਸ਼। ਦੂਜੀ ਧੀ, ਤੁਹਾਡਾ ਦਿੱਤਾ। ਛੇ ਧੀਆਂ ਤੱਕ ਸਭ ਨੇ ਇਹ ਹੀ ਕਿਹਾ। ਇਹ ਰਜਨੀ ਸਭ ਤੋਂ ਛੋਟੀ ਸੀ। ਜਦੋਂ ਇਸ ਨੂੰ ਪੁੱਛਿਆ, ਤੂੰ ਕਿਸ ਦਾ ਦਿੱਤਾ ਖਾਂਦੀ ਹੈ। ਬੜਾ ਧਿਆਨ ਦੇਣ ਵਾਲਾ ਬਚਨ ਹੈ। ਜਿਹੜਾ ਵੇਰਵਾ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ। ਉਨ੍ਹਾਂ ਨੇ ਲਿਖਿਆ ਹੈ ਕਿ ਰਜਨੀ ਜਿਹੜੀ ਸੱਤਵੀਂ ਧੀ ਸੀ, ਇਹ ਸੰਗਤ ਕਰਦੀ ਸੀ। ਭਾਈ ਵੀਰ ਸਿੰਘ ਜੀ ਨੇ ਲਫਜ਼ ਲਿਖੇ ਹਨ, ਇਹ ਸੰਗਤ ਕਰਦੀ ਸੀ। ਉਨ੍ਹਾਂ ਨੇ ਸ਼ਬਦ ਲਿਖਿਆ ਹੈ, ਇਸ ਨੇ ਸੰਗਤ ਵਿੱਚ ਜਾ ਕੇ ਇਹ ਸ਼ਬਦ ਸੁਣਿਆ ਹੋਇਆ ਸੀ:

***ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥***

*(ਅੰਗ ੪੬੭)*

ਇਸ ਸ਼ਬਦ ਦੇ ਅਰਥ ਸਮਝਣਾ। ਤੂੰ ਸਾਰਿਆਂ ਨੂੰ ਸੰਭਾਲਦਾ ਹੈਂ। ਰਾਜਾ ਪੁੱਛਦਾ ਹੈ, ਤੂੰ ਕਿਸ ਦਾ ਦਿੱਤਾ ਖਾਂਦੀ ਹੈਂ? ਬੀਬੀ ਰਜਨੀ ਨੇ ਸੁਣਿਆ ਸੀ:

***ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥***
***ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥***
***ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ ॥***
***ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥***

*(ਅੰਗ ੪੬੭)*

ਸਭ ਪੁਰਖਾਂ ਨੂੰ ਦੇਣ ਵਾਲਾ। ਬਿਰਖਾਂ, ਦਰੱਖਤਾਂ ਨੂੰ ਦੇਣ ਵਾਲਾ। ਵੇਖ ਲਓ, ਤਿੰਨ-ਚਾਰ ਪੰਕਤੀਆਂ ਵਿੱਚ ਹੀ ਬਾਬਾ ਜੀ ਨੇ ਸਾਰੀ ਸ੍ਰਿਸ਼ਟੀ ਲੈ ਆਉਂਦੀ ਹੈ। ਇਹ ਜਿਹੜੀ ਸ੍ਰਿਸ਼ਟੀ ਹੈ, ਜੀਵ ਆਂਡੇ ਤੋਂ ਪੈਦਾ ਹੁੰਦੇ ਹਨ। ਕਈ ਵੀਰਜ ਤੋਂ, ਉਸ ਨੂੰ ਜੇਰਜ ਕਿਹਾ ਹੈ। ਕਈ ਪਸੀਨੇ ਤੋਂ, ਕਈ ਜੂਨਾਂ ਪਸੀਨੇ ਤੋਂ ਪੈਦਾ ਹੁੰਦੀਆਂ ਹਨ। ਇਸ ਨੂੰ ਸੇਤਜ ਕਹਿੰਦੇ ਹਨ। ਗੰਦਗੀ ਤੋਂ ਪੈਦਾ ਹੋ ਜਾਂਦੇ ਹਨ। ਹੁਣ ਦਾਸ ਨੂੰ ਇਸ ਪੰਕਤੀ ਦੇ ਅਰਥ ਨਾ ਪਤਾ ਲੱਗਣ। ਸਰਾਂ ਮੇਰਾਂ। ਇਸ ਦਾ ਕੀ ਅਰਥ ਹੈ? ਕਈਆਂ ਨੂੰ ਤੁਹਾਡੇ ਵਿੱਚੋਂ ਨਾ ਪਤਾ ਹੋਵੇ।

***ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥***

*(ਅੰਗ ੪੬੭)*

ਫਿਰ ਪੜ੍ਹਿਆ, ਸਰਾਂ, ਸਰੋਵਰਾਂ ਵਿੱਚ ਰਹਿਣ ਵਾਲੇ ਜੀਵ। ਪਾਣੀ ਵਿੱਚ। ਮੇਰਾਂ ਦਾ ਮਤਲਬ ਪਹਾੜ।

***ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥***
***ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥***
***ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥***

*(ਅੰਗ ੪੬੭)*

ਵੇਖ ਲਓ, ਜਿਸ ਨੇ ਸੰਗਤ ਕੀਤੀ ਹੋਵੇ, ਉਹ ਕੀ ਆਖੇਗਾ? ਉਹ (ਪਰਮਾਤਮਾ) ਸਭ ਨੂੰ ਸੰਭਾਲ ਰਿਹਾ ਹੈ, ਉਹ ਸਭ ਨੂੰ ਰੋਜ਼ੀ ਦੇ ਰਿਹਾ ਹੈ। ਹੁਣ ਪਿਤਾ ਪੁੱਛਦਾ ਹੈ, ਰਜਨੀ ਤੂੰ ਕਿਸ ਦਾ ਦਿੱਤਾ ਖਾਂਦੀ ਹੈਂ? ਬੀਬੀ ਰਜਨੀ ਨੇ ਸੱਚ ਆਖਿਆ, ਪਿਤਾ ਜੀ, ਤੁਸੀਂ ਵਸੀਲਾ ਹੋ ਸਕਦੇ ਹੋ। ਜ਼ਰਾ ਧਿਆਨ ਦੇਣਾ। ਤੁਸੀਂ ਵਸੀਲਾ ਹੋ ਸਕਦੇ ਹੋ ਪਰ ਮੈਂ ਕੀ, ਤੁਸੀਂ ਜਿਹੜੇ ਖੁਦ ਪੁੱਛ ਰਹੇ ਹੋ ਕਿ ਕਿਸ ਦਾ ਦਿੱਤਾ ਖਾਂਦੀ ਹੈ। ਮੈਂ ਵੀ ਤੇ ਤੁਸੀਂ ਵੀ ਪਰਮੇਸ਼ਰ ਦਾ ਹੀ

ਦਿੱਤਾ ਖਾਂਦੇ ਹਾਂ। ਬੜੀ ਬਰੀਕੀ ਹੈ। ਉਹ ਪੁੱਛਦਾ ਹੈ, ਤੂੰ ਕਿਸ ਦਾ ਦਿੱਤਾ ਖਾਂਦੀ ਹੈਂ? ਤੇ ਅੱਗੋਂ ਕੀ ਆਖਦੀ ਹੈ, ਮੈਂ ਵੀ ਤੇ ਤੁਸੀਂ ਵੀ ਉਸ ਪਰਮੇਸ਼ਰ ਦਾ ਦਿੱਤਾ ਖਾਂਦੇ ਹਾਂ।

***ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥***

*(ਅੰਗ ੪੬੭)*

ਉਹ ਸਭ ਨੂੰ ਸੰਭਾਲ ਰਿਹਾ ਹੈ। ਇਹ ਸੰਗਤ ਦਾ ਅਸਰ ਸੀ। ਜਿਤਨੇ ਮਾਈ ਭਾਈ ਜਦੋਂ ਸੰਗਤ ਵਿੱਚ ਬੈਠੇ ਹੋਵੋ, ਪੰਜ ਵਾਰੀ ਵਾਹਿਗੁਰੂ ਕਹਿ ਕੇ ਅਰਦਾਸ ਕਰ ਦਿਆ ਕਰੋ, ਸਤਿਗੁਰੂ ਜੀ! ਸੰਗਤ ਬਖਸ਼ੀ ਰੱਖਣਾ ਤੇ ਕਿਰਪਾ ਕਰਨੀ, ਸੰਗਤ ਵਿੱਚ ਬੈਠਣ ਦੀ ਭੁੱਖ ਲੱਗੀ ਰਹੇ, ਇਹ ਨਸ਼ਾ ਲੱਗਿਆ ਰਹੇ। ਰਹਿਮਤ ਕਰ ਦੇਣੀ। ਬਖਸ਼ਿਸ਼ ਕਰ ਦੇਣੀ। ਲੋੜ ਹੈ, ਸੰਗਤ ਦੀ।

ਦਾਸ ਇੱਕ ਵਾਰੀ ਲਖਨਊ ਗਿਆ ਸੀ। ਉੱਥੇ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਹੈ, ਲਖਨਊ ਵਿੱਚ। ਸਾਰੇ ਦੀਵਾਨਾਂ ਵਿੱਚੋਂ ਇੱਕ ਦੀਵਾਨ ਉਨ੍ਹਾਂ ਵੱਲੋਂ ਸੀ। ਦਾਸ ਨੂੰ ਕਹਿਣ ਲੱਗੇ, ਸੁਖਮਨੀ ਸਾਹਿਬ ਵਿੱਚੋਂ ਜੀਵਨ ਜਾਚ, ਤੁਸੀਂ ਉਸ ਬਾਰੇ ਕੀਰਤਨ ਕਰੋ। ਹੁਣ ਧਿਆਨ ਦੇਣਾ, ਸੰਗਤ ਕਰਨ ਦੀ ਕਿੰਨੀ ਲੋੜ ਹੈ? ਇਹ ਪਉੜੀ ਦਾਸ ਨੇ ਗੁਰੂ ਸਾਹਿਬ ਦੀ ਕਿਰਪਾ ਨਾਲ ਲਈ। ਦਾਸ ਨੇ ਕਿਹਾ ਕਿ ਜੀਵਨ ਜਾਚ ਬਾਰੇ ਫਿਰ ਇੱਕੋ ਪਉੜੀ ਹੈ। ਦਾਸ ਪੜ੍ਹਨ ਲੱਗਾ ਹੈ, ਧਿਆਨ ਦੇਣਾ ਜੀ:

***ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ॥***

*(ਅੰਗ ੨੬੬)*

ਬੜੀ ਵੱਡੀ ਗੱਲ ਕਹੀ ਹੈ, ਗੁਰੂ ਸਾਹਿਬ ਨੇ। ਸਾਰੇ ਪੁਰਖਾਂ ਵਿੱਚੋਂ ਪ੍ਰਧਾਨ ਕੌਣ ਹੈ, ਮੁਖੀ ਕੌਣ ਹੈ?

***ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ॥***
***ਸਾਧਸੰਗਿ ਜਾ ਕਾ ਮਿਟੈ ਅਭਿਮਾਨੁ ॥***

*(ਅੰਗ ੨੬੬)*

ਕਹਿੰਦੇ, ਪੁਰਖ ਉਹ ਪ੍ਰਧਾਨ ਹੈ ਜਿਸ ਦੇ ਅੰਦਰ ਸੰਗਤ ਦੇ ਸਦਕੇ ਹੰਕਾਰ ਮਿਟ ਗਿਆ। ਹੁਣ ਵੇਖੋ, ਅਗਲੀ ਜੀਵਨ ਜਾਚ:

***ਆਪਸ ਕਉ ਜੋ ਜਾਣੈ ਨੀਚਾ ॥***
***ਸੋਊ ਗਨੀਐ ਸਭ ਤੇ ਊਚਾ ॥***

*(ਅੰਗ ੨੬੬)*

ਕੈਸੀ ਜੀਵਨ ਜਾਚ ਬਾਬਾ ਜੀ ਦੀ ਹੈ। ਜਿਹੜਾ ਆਪਣੇ ਆਪ ਨੂੰ ਨੀਵਾਂ ਸਮਝੇ, ਗੁਰੂ ਸਾਹਿਬ ਕਹਿੰਦੇ, ਮੇਰੀ ਨਜ਼ਰ ਵਿੱਚ ਸਭ ਤੋਂ ਉੱਚਾ ਹੈ। ਕੈਸੀ ਜੀਵਨ ਜਾਚ ਹੈ। ਦਾਸ ਕਹਿੰਦਾ ਹੈ, ਇਹ ਜੀਵਨ ਜਾਚ ਲੈ ਜਾਓ, ਸਾਧ ਸੰਗਤ ਜੀ, ਜਿੱਥੇ ਜਾਓਗੇ, ਗੁਰੂ ਕਲਗੀਧਰ ਪਿਤਾ ਜੀ ਨਾਲ ਹੀ ਹੋਣਗੇ। ਜਿਸ ਦੀ ਮੈਂ (ਹਉਮੈ) ਮਰ ਗਈ, ਉੱਥੇ ਗੁਰੂ ਸਾਹਿਬ ਨਾਲ ਹੀ ਹਨ। ਪੀਰ ਬੁੱਧੂ ਸ਼ਾਹ ਜੀ ਵੀ ਧੰਨ ਗੁਰੂ ਗੋਬਿੰਦ ਸਿੰਘ ਜੀ ਨੂੰ ਜਦੋਂ ਪਹਿਲੀ ਵਾਰ ਦਰਸ਼ਨ ਕੀਤੇ ਤੇ ਪੁੱਛਿਆ ਸੀ, ਖੁਦਾ ਤੇ ਖੁਦਾ ਦੇ ਬੰਦੇ ਦਾ ਮੇਲ ਕਿਵੇਂ ਹੋਵੇ ਤੇ ਮਹਾਰਾਜ ਨੇ ਅੱਠ ਅੱਖਰਾਂ ਵਿੱਚ ਜੀਵਨ ਦਾ ਨਿਚੋੜ ਦੇ ਦਿੱਤਾ ਸੀ:

***ਹਉ ਮੂਆ ਖੁਦਾ ਹੂਆ।***

ਅਗਲੀ ਪੰਕਤੀ ਹੈ:

***ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥***
***ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥***

*(ਅੰਗ ੨੬੬)*

ਕੈਸੀ ਜੀਵਨ ਜਾਚ ਹੈ। ਇਹ ਜੀਵਨ ਜਾਚ ਸੰਗਤ ਵਿੱਚੋਂ ਹੀ ਲੱਭੇਗੀ। ਨਹੀਂ ਤਾਂ ਹਰ ਬੰਦੇ ਦੇ ਅੰਦਰ ਹੈ, ਤੂੰ ਕੌਣ ਹੈਂ? ਇੱਥੇ ਕੀ ਹੈ:

***ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥***
***ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥***

*(ਅੰਗ ੨੬੬)*

ਰੀਨਾ ਕੀ ਹੈ? ਚਰਨ ਧੂੜ। ਜਿਸ ਦਾ ਮਨ

ਸਭ ਦੀ ਚਰਨ ਧੂੜ ਬਣ ਗਿਆ।

***ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥***

*(ਅੰਗ ੨੬੬)*

ਵੇਖ ਲਓ ਜੀਵਨ ਜਾਚ। ਇਹ ਸੰਗਤ ਵਿੱਚੋਂ ਮਿਲੇਗਾ। ਅਗਲੀ ਪੰਕਤੀ:

***ਮਨ ਅਪੁਨੇ ਤੇ ਬੁਰਾ ਮਿਟਾਨਾ ॥***
***ਪੇਖੈ ਸਗਲ ਸ੍ਰਿਸਟਿ ਸਾਜਨਾ ॥***
***ਸੂਖ ਦੂਖ ਜਨ ਸਮ ਦ੍ਰਿਸਟੇਤਾ ॥***
***ਨਾਨਕ ਪਾਪ ਪੁੰਨ ਨਹੀ ਲੇਪਾ ॥੬॥***

*(ਅੰਗ ੨੬੬)*

ਇਹ ਸੜਕ ਕਿਤੇ ਲੱਭੇਗੀ। ਇਹ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਘਰ ਦਾ ਮਾਰਗ ਕਿਤੇ ਲੱਭੇਗਾ, ਇੰਨਾ ਉੱਚਾ ਜਿਹੜਾ ਵੈਰ ਸਿਖਾਉਂਦਾ ਹੀ ਨਹੀਂ, ਹੰਕਾਰ ਸਿਖਾਉਂਦਾ ਹੀ ਨਹੀਂ, ਅਭਿਮਾਨ ਸਿਖਾਉਂਦਾ ਹੀ ਨਹੀਂ। ਇਹ ਸਿਖਾਉਂਦਾ ਹੈ:

***ਮਨ ਅਪੁਨੇ ਤੇ ਬੁਰਾ ਮਿਟਾਨਾ ॥***

*(ਅੰਗ ੨੬੬)*

ਇਸ ਆਸ਼ੇ ਨੂੰ ਜ਼ਿੰਦਗੀ ਵਿੱਚ ਲਿਆਉਣਾ ਹੈ। ਤੁਹਾਡਾ ਬੱਚਾ ਹੈ, ਭਾਈ ਅਮਨਦੀਪ ਸਿੰਘ। ਹਰ ਸਾਲ ਰੈਣਿ ਸਬਾਈ ਕੀਰਤਨ ਕਰਵਾਉਂਦਾ ਹੈ। ਦਾਸ ਨੂੰ ਯਾਦ ਹੈ, ਕਾਫੀ ਦੇਰ ਪਹਿਲਾਂ ਦੀ ਗੱਲ ਹੈ। ਮਹੀਨਾ ਸਵਾ ਮਹੀਨਾ ਪਹਿਲਾਂ ਬੋਰਡ ਲੱਗ ਗਏ ਰੈਣਿ ਸਬਾਈ ਦੇ। ਚਮਰੰਗ ਰੋਡ, ਪਟਾਕਾ ਮਾਰਕੀਟ। ਚਾਰ-ਪੰਜ ਦਿਨ ਪਹਿਲਾਂ, ਬਿਲਕੁਲ ਦੋ ਤਿੰਨ ਇਲਾਕੇ ਛੱਡ ਕੇ, ਉਹੋ ਟਾਈਮ ਤੇ ਇੱਕ ਹੋਰ ਕੀਰਤਨ ਦਰਬਾਰ, ਕਿਸੇ ਹੋਰ ਸੰਸਥਾ ਵੱਲੋਂ ਰੱਖਿਆ ਗਿਆ। ਹੁਣ ਇੱਥੇ ਕੀਰਤਨ ਦਰਬਾਰ ਹੋ ਗਿਆ ਹੋਵੇ ਤੇ ਦੋ ਇਲਾਕੇ ਛੱਡ ਕੇ ਹੋਰ ਕੀਰਤਨ ਦਰਬਾਰ ਪਰ ਸੰਗਤ ਤਾਂ ਉਹੋ ਹੀ ਹੈ। ਇੱਕ ਰੁਟੀਨ ਬਣੀ ਹੈ। ਇੱਕ ਦਿਨ ਪਹਿਲਾਂ ਬਾਬਾ ਦੀਪ ਸਿੰਘ ਜੀ ਦੇ ਦਰ ਤੇ, ਕੋਈ ਸਮਾਗਮ ਹੋਵੇ ਤੇ ਅਰਦਾਸ ਕਰਕੇ ਆਉਣੀ। ਅਰਦਾਸ ਕਰਨ ਗਿਆ, ਦਾਸ ਨੇ ਬਾਅਦ ਵਿੱਚ ਫੋਨ ਕਰਕੇ ਪੁੱਛਿਆ, ਜਿਵੇਂ ਕੱਲ ਰੈਣਿ ਸਬਾਈ ਤੇ ਇੱਕ ਦਿਨ ਪਹਿਲਾਂ। ਦਾਸ ਨੇ ਪੁੱਛਿਆ ਕਿ ਅਰਦਾਸ ਕਰ ਆਇਆ ਹੈਂ? ਕਹਿਣ ਲੱਗਾ, ਜੀ ਹਾਂ ਜੀ। ਦਾਸ ਨੇ ਪੁੱਛਿਆ ਕਿ ਕੀ ਅਰਦਾਸ ਕੀਤੀ? ਅਰਦਾਸ ਵਿੱਚ ਕੀ ਕਿਹਾ ਹੈ? ਕੋਲ ਇੱਕ ਹੋਰ ਕੀਰਤਨ ਦਰਬਾਰ ਹੈ। ਉੱਥੇ ਕੋਈ ਨਾ ਜਾਵੇ। ਇਹ ਚੀਜ਼ ਪਿਤਾ ਜੀ ਕਈ ਵਾਰ ਚੈੱਕ ਕਰਨਗੇ। ਦਾਸ ਨੇ ਪੁੱਛਿਆ ਕਿ ਕੀ ਅਰਦਾਸ ਕੀਤੀ। ਪੁੱਛਣਾ ਪੈਂਦਾ ਹੈ, ਭਾਈਚਾਰਾ ਹੈ ਸਿੱਖੀ ਦਾ। ਦਾਸ ਨੂੰ ਕਹਿਣ ਲੱਗਾ ਕਿ ਅਰਦਾਸ ਇਹ ਕੀਤੀ ਹੈ, ਦੋ ਇਲਾਕੇ ਛੱਡ ਕੇ ਇੱਕ ਕੀਰਤਨ ਦਰਬਾਰ ਹੋਰ ਹੈ। ਸਤਿਗੁਰੂ ਜੀ! ਕਿਰਪਾ ਕਰਨੀ, ਉੱਧਰ ਵੀ ਇੰਨੀ ਸੰਗਤ ਭੇਜਣੀ ਕਿ ਬੈਠਣ ਦੀ ਜਗ੍ਹਾ ਨਾ ਹੋਵੇ ਤੇ ਇਧਰ ਵੀ ਇੰਨੀ ਸੰਗਤ ਭੇਜਣੀ ਕਿ ਇਧਰ ਵੀ ਬੈਠਣ ਦੀ ਜਗ੍ਹਾ ਨਾ ਹੋਵੇ। ਦੋਵੇਂ ਬੰਨੇ ਸੰਗਤਾਂ ਭੇਜ ਦੇਣੀਆਂ। ਆਹ ਸਿੱਖੀ ਹੈ। ਇਸ ਨੂੰ ਕਹਿੰਦੇ ਹਨ:

***ਮਨ ਅਪੁਨੇ ਤੇ ਬੁਰਾ ਮਿਟਾਨਾ ॥***
***ਪੇਖੈ ਸਗਲ ਸ੍ਰਿਸਟਿ ਸਾਜਨਾ ॥***

*(ਅੰਗ ੨੬੬)*

ਇਸ ਤਰ੍ਹਾਂ ਜੀਵਨ ਵਿੱਚ ਕਈ ਵਾਰ ਚੀਜ਼ਾਂ ਆ ਜਾਣ। ਇਸ ਤਰ੍ਹਾਂ ਜੀਵਨ ਦੇ ਮੋੜਾਂ ਵਿੱਚ ਆਹ ਜੀਵਨ ਜਾਚ ਹੈ, ਸੁਖਮਨੀ ਸਾਹਿਬ ਦੀ ਬਾਣੀ ਵਿੱਚੋਂ। ਇਹ ਸਭ ਕੁਝ ਸੰਗਤ ਵਿੱਚ ਆ ਕੇ ਲੱਭੇਗਾ। ਅਰਦਾਸ ਕਰਿਆ ਕਰੋ, ਇਹ ਘੜੀਆਂ ਨਾ ਛੁੱਟਣ। ਬਖ਼ਸ਼ੀਂ ਰੱਖਣਾ।

ਇਹ ਬੀਬੀ ਰਜਨੀ ਜੀ ਨੇ ਸੰਗਤ ਕੀਤੀ ਸੀ। ਬੀਬੀ ਰਜਨੀ ਜੀ ਦਾ ਜ਼ਿਕਰ ਆਪ ਜੀ ਨੇ ਬਹੁਤ ਵਾਰ ਸੁਣਿਆ, ਪੜ੍ਹਿਆ ਹੋਵੇਗਾ, ਵਿੱਚੋਂ ਕੁਝ ਲੈਣਾ

ਹੈ। ਪਿਤਾ ਕੋਲੋਂ ਬਰਦਾਸ਼ਤ ਨਾ ਹੋਇਆ। ਬੀਬੀ ਰਜਨੀ ਨੇ ਕੀ ਕਿਹਾ ਕਿ ਤੁਸੀਂ ਵੀ ਉਸ ਦਾ ਦਿੱਤਾ ਖਾਂਦੇ ਹੋ। ਫੈਸਲਾ ਕਰ ਲਿਆ, ਇਸ ਦਾ ਵਿਆਹ ਹੁਣ ਇੱਕ ਕੋਹੜੀ ਨਾਲ ਕਰਨਾ ਹੈ। ਲੱਭ ਕੇ ਲਿਆਓ, ਬਈ। ਹੁਣ ਵੇਖੋ, ਵਿਆਹ ਕਿਸ ਨਾਲ ਕੀਤਾ, ਜਿਹੜਾ ਕੋਹੜੀ ਵੀ ਹੈ, ਪਿੰਗਲਾ ਵੀ ਹੈ, ਅਪਾਹਜ ਵੀ ਹੈ, ਗਰੀਬ ਵੀ ਹੈ ਤੇ ਪੰਜਵਾਂ ਲਿਖਿਆ ਹੈ ਕਿ ਇਸ ਕੋਲੋਂ ਬਦਬੂ ਵੀ ਆ ਰਹੀ ਹੈ। ਉਸ ਨਾਲ ਵਿਆਹ ਕੀਤਾ ਤੇ ਫਿਰ ਕੀ ਆਖਿਆ, ਹੁਣ ਵੇਖਾਂਗਾ, ਤੈਨੂੰ ਰੋਟੀ ਕੌਣ ਦਿੰਦਾ ਹੈ। ਹੁਣ ਵੇਖਾਂਗੇ, ਤੂੰ ਕਿਸ ਦਾ ਦਿੱਤਾ ਖਾਂਦੀ ਹੈਂ। ਬੀਬੀ ਰਜਨੀ ਨੇ ਸੰਗਤ ਕੀਤੀ, ਉਸ ਨੇ ਫਿਰ ਬੋਲਿਆ, ਪਿਤਾ ਜੀ:

***ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥***
***ਦੇਵਨ ਕਉ ਏਕੈ ਭਗਵਾਨੁ ॥***

***(ਅੰਗ ੨੮੧)***

ਦੇਣ ਵਾਲਾ ਉਹ ਹੈ। ਵਿਆਹ ਤੋਂ ਬਾਅਦ ਇਨ੍ਹਾਂ ਦੋਹਾਂ ਨੇ ਕੁਝ ਦਿਨ ਮੰਗ ਕੇ ਲੰਘਾਏ। ਫਿਰ ਇਸ ਦੇ ਪਿੰਗਲੇ ਪਤੀ ਤੇ ਇਸ ਨੇ ਸਲਾਹ ਕੀਤੀ ਕਿ ਆਪਾਂ ਤੀਰਥਾਂ ਦੀ ਯਾਤਰਾ ਚੱਲ ਪਈਏ। ਨਾਲ ਤੀਰਥਾਂ ਦੀ ਯਾਤਰਾ ਹੋਵੇਗੀ, ਜਨਮ ਸਫਲਾ ਹੋਵੇਗਾ ਤੇ ਨਾਲ ਇਸ ਤਰ੍ਹਾਂ ਹੀ ਪਰਸ਼ਾਦਾ ਪਾਣੀ ਛੱਕ ਲਿਆ ਕਰਾਂਗੇ। ਇਸ ਤਰ੍ਹਾਂ ਤੀਰਥਾਂ ਦੀ ਯਾਤਰਾ ਕਰਦੇ-ਕਰਦੇ ਕਰਮ ਉੱਤੇ ਆ ਗਿਆ।

***ਪੂਰਨ ਤਾਲੁ ਖਟਾਇਆ***
***ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ।***

***(ਵਾਰ ੧, ਪਉੜੀ ੪੭)***

ਬੀਬੀ ਰਜਨੀ ਆਪਣੇ ਪਤੀ ਨੂੰ ਕਹਿਣ ਲੱਗੀ, ਮੈਂ ਕਿਸੇ ਨਾ ਕਿਸੇ ਪਿੰਡ ਵਿੱਚੋਂ ਕੁਝ ਮੰਗ ਕੇ ਲਿਆਂਦੀ ਹਾਂ, ਤੁਸੀਂ ਇੱਥੇ ਬੈਠੋ। ਇਹ ਮੰਗਣ ਗਈ ਹੈ। ਇਸ ਦਾ ਪਤੀ ਬੈਠਾ ਕੀ ਵੇਖਦਾ ਹੈ? ਇਕਦਮ ਕਿੰਨੇ ਹੀ ਕਾਂ ਰੌਲਾ ਪਾਉਣ ਲੱਗ ਪਏ। ਕਿੰਨੇ ਹੀ ਕਾਂ ਰੌਲਾ ਪਾ ਰਹੇ ਹਨ ਤੇ ਕੀ ਵੇਖਦਾ ਹੈ ਕਿ ਉਹ ਕਾਲੇ ਕਾਂ ਜਿਹੜੇ ਹਨ ਪਾਣੀ ਵਿੱਚ ਚੁੱਭੀ ਮਾਰਦੇ ਹਨ, ਜਦੋਂ ਬਾਹਰ ਨਿਕਲਦੇ ਹਨ ਤੇ ਚਿੱਟੇ ਹੰਸ ਬਣ ਜਾਂਦੇ ਹਨ। ਦਾਸ ਨੂੰ ਇਹ ਲਫਜ਼ ਦੱਸਣੇ ਪੈ ਰਹੇ ਹਨ। ਛੱਪੜੀ ਸੀ ਥੋੜ੍ਹੀ। ਉਹ ਛੱਪੜੀ ਵਿੱਚ ਚੁੱਭੀ ਮਾਰਦੇ ਹਨ। ਜਦੋਂ ਬਾਹਰ ਨਿਕਲਦੇ ਹਨ, ਹੰਸ ਬਣ ਕੇ। ਕਈਆਂ ਦੇ ਪਰ ਗਿੱਲੇ ਹੁੰਦੇ ਹਨ, ਸਰੀਰ ਗਿੱਲਾ ਹੁੰਦਾ ਹੈ। ਬਾਹਰ ਨਿਕਲਦੇ ਹਨ ਤੇ ਹੰਸ ਬਣੇ ਹੁੰਦੇ ਹਨ। ਕਿਸੇ ਨੂੰ ਸ਼ੱਕ ਨਾ ਰਹਿ ਜਾਵੇ, ਇੱਕ ਵਾਰੀ ਪੜ੍ਹ ਲਓ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ, ਇਸ ਅਸਥਾਨ ਬਾਰੇ:

***ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ ॥***
***ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ ॥੨॥***

***(ਅੰਗ ੯੧)***

ਉਹ ਕਹਿੰਦਾ ਹੈ ਕਿ ਇਹ ਛੱਪੜੀ ਨਹੀਂ, ਇਹ ਕੋਈ ਅੰਮ੍ਰਿਤ ਕੁੰਡ ਲੱਗਦਾ ਹੈ। ਮੈਂ ਵੀ ਕੋਹੜੀ ਹਾਂ, ਪਿੰਗਲਾ ਹਾਂ, ਮੈਂ ਵੀ ਚੁੱਭੀ ਮਾਰਾਂ। ਰਿੜ੍ਹਦਾ-ਰਿੜ੍ਹਦਾ ਇਹ ਜਿਹੜੀ ਦੁੱਖ ਭੰਜਨੀ ਬੇਰੀ ਹੈ, ਉਸ ਦਾ ਟਾਹਣ ਫੜ੍ਹ ਲਿਆ ਤੇ ਜਦੋਂ ਚੁੱਭੀ ਮਾਰੀ ਤੇ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਇਹ ਦੁੱਖ ਭੰਜਨੀ ਬੇਰੀ ਜਿਹੜੀ ਹੈ, ਇਸ ਦਾ ਜਲ ਜਿਹੜਾ ਹੈ, ਇਸ ਦੇ ਜ਼ਖਮਾਂ ਨੂੰ ਲੱਗਾ ਤੇ ਜਿੱਥੇ-ਜਿੱਥੇ ਲੱਗਾ, ਉੱਥੇ-ਉੱਥੇ ਉਹ ਰਾਜ਼ੀ ਹੋ ਗਿਆ। ਉਹ ਪਿੰਗਲਾਪੰਨ ਦੂਰ ਹੋ ਗਿਆ। ਉਹ ਕਿਰਪਾ ਹੋ ਗਈ।

***ਪੂਰਨ ਤਾਲੁ ਖਟਾਇਆ***
***ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ।***

***(ਵਾਰ ੧, ਪਉੜੀ ੪੭)***

ਜਿਹੜੇ ਜਿਹੜੇ ਜ਼ਖਮ ਨੂੰ ਲੱਗਾ, ਉਹ ਰਾਜ਼ੀ ਹੋ ਗਏ। ਅੱਜ ਵੀ ਝੋਲੀਆਂ ਭਰਦੀਆਂ ਹਨ। ਇਸ ਦੇ ਸਿਦਕ ਨੇ ਪ੍ਰਗਟ ਕਰਨਾ ਸੀ, ਇਸ ਦੇ ਭਰੋਸੇ ਨੇ।

ਇਹ ਜਦੋਂ ਰਾਜ਼ੀ ਹੋ ਗਿਆ, ਉੱਥੇ ਹੀ ਆ ਕੇ ਬੈਠ ਗਿਆ ਤੇ ਜਦੋਂ ਬੀਬੀ ਰਜਨੀ ਪਰਸ਼ਾਦਾ ਲੈ ਕੇ ਆਈ, ਉਸ ਨੂੰ ਪੁੱਛਦੀ ਹੈ ਕਿ ਤੂੰ ਕੌਣ ਹੈ? ਤੇ ਉਹ ਕਹਿਣ ਲੱਗਾ ਕਿ ਰਜਨੀ, ਮੈਂ ਤੇਰਾ ਪਤੀ ਹਾਂ। ਕਹਿਣ ਲੱਗੀ, ਨਹੀਂ। ਤੂੰ ਮੇਰਾ ਪਤੀ ਨਹੀਂ ਹੋ ਸਕਦਾ। ਤੂੰ ਮੇਰੇ ਪਿੰਗਲੇ ਪਤੀ ਨੂੰ ਮਾਰ ਕੇ ਉਸ ਦੀ ਜਗ੍ਹਾ ਬੈਠ ਗਿਆ ਹੈਂ, ਕਿਸੇ ਗਲਤ ਖਿਆਲ ਨਾਲ। ਰੋਣ ਲੱਗ ਪਈ, ਦੁਹਾਈ ਪਾ ਦਿੱਤੀ। ਮੇਰਾ ਸੁਹਾਗ ਤੂੰ ਮਾਰ ਦਿੱਤਾ ਹੈ। ਉਹ ਯਕੀਨ ਕਰਾਵਏ ਤੇ ਲਿਖਿਆ ਹੈ ਕਿ ਕੋਲ ਕਿਸਾਨ ਖੇਤੀ ਕਰ ਰਹੇ ਸੀ ਤੇ ਉਹ ਰੌਲਾ ਸੁਣ ਕੇ ਆ ਗਏ। ਆ ਕੇ ਕਹਿਣ ਲੱਗੇ ਕਿ ਕੀ ਗੱਲ ਹੈ, ਤੁਹਾਡਾ ਬੜਾ ਝਗੜਾ ਹੋ ਰਿਹਾ ਹੈ। ਉਹ ਕਹਿਣ ਲੱਗੀ ਕਿ ਮੇਰਾ ਇੱਥੇ ਪਿੰਗਲਾ ਪਤੀ ਸੀ, ਇਸ ਨੇ ਉਸ ਨੂੰ ਮਾਰ ਦਿੱਤਾ ਹੈ, ਵਾਸ਼ਨਾ ਵੱਸ ਹੋ ਕੇ। ਉਹ ਕਹੇ ਕਿ ਮੈਂ ਹੀ ਤੇਰਾ ਪਤੀ ਹਾਂ। ਇਸ ਛੱਪੜੀ ਤੇ ਮੈਂ ਹੀ ਇਸ਼ਨਾਨ ਕੀਤਾ ਹੈ। ਮੈਂ ਆਪ ਵੇਖਿਆ ਹੈ ਕਿ ਕਾਂ ਹੰਸ ਬਣ ਰਹੇ ਹਨ। ਉਹ ਕਿਸਾਨਾਂ ਨੇ ਵੀ ਆਖਿਆ ਕਿ ਇਸ ਨੇ ਮਾਰਿਆ ਹੋਵੇ, ਰੌਲਾ ਪਿਆ ਹੋਵੇ, ਅਸੀਂ ਕੋਈ ਨਹੀਂ ਸੁਣਿਆ। ਹੁਣ ਇੱਕ ਢੰਗ ਨਾਲ ਫੈਸਲਾ ਹੋ ਸਕਦਾ ਹੈ, ਬਿਲਕੁਲ ਨੇੜੇ ਸੱਚੇ ਗੁਰੂ, ਕਿਧਰੇ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਲਿਖਿਆ ਹੈ ਤੇ ਕਿਧਰੇ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ। ਕੁਝ ਸਮਝ ਲਓ। ਕੁਝ ਰਾਈਟਰਾਂ ਨੇ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਮਾਂ ਲਿਖਿਆ ਹੈ, ਕੁਝ ਰਾਈਟਰਾਂ ਨੇ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਸਮਾਂ ਪਰ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਇਹ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਸਮਾਂ ਸੀ ਕਿਉਂਕਿ ਸਰੋਵਰ ਦੀ ਖੁਦਾਈ ਉਨ੍ਹਾਂ ਨੇ ਆਪ ਸ਼ੁਰੂ ਕਰਵਾਈ। ਉਨ੍ਹਾਂ ਕਿਸਾਨ ਵੀਰਾਂ ਨੇ ਆਖਿਆ ਕਿ ਸੱਚੇ ਗੁਰੂ, ਧੰਨ ਸ੍ਰੀ ਗੁਰੂ ਰਾਮਦਾਸ ਜੀ ਹਨ, ਤੁਸੀਂ ਉਨ੍ਹਾਂ ਕੋਲ ਚਲੇ ਜਾਓ। ਤੁਹਾਡਾ ਫੈਸਲਾ ਕਰਨਗੇ। ਜਦੋਂ ਇਹ ਦੋਵੇਂ ਗਏ। ਜਾ ਕੇ ਸਾਰਾ ਵਾਕਿਆ ਦੱਸਿਆ ਕਿ ਇਸ ਤਰ੍ਹਾਂ ਹੋਇਆ ਹੈ। ਪਤੀ ਨੇ ਵੀ ਸਾਰਾ ਹਾਲ ਦੱਸਿਆ। ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੰਗੇ ਪੈਰੀਂ ਉੱਠੇ। ਕਹਿੰਦੇ, ਉਸ ਜਗ੍ਹਾ ਤੇ ਆ ਗਏ। ਜਦੋਂ ਉਸ ਜਗ੍ਹਾ ਤੇ ਆ ਕੇ ਧੰਨ ਸ੍ਰੀ ਗੁਰੂ ਰਾਮਦਾਸ ਜੀ ਸੱਚੇ ਪਾਤਸ਼ਾਹ ਜੀ ਨੇ ਆਖਿਆ, ਬੱਚੀਏ, ਇਹ ਛੱਪੜੀ ਨਹੀਂ, ਇਹ ਅੰਮ੍ਰਿਤ ਦਾ ਕੁੰਡ ਹੈ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ ਬਾਰੇ ਬਚਨ ਕੀਤੇ ਸੀ, ਇਸ ਟਿਕਾਣੇ ਤੇ ਬੈਠ ਕੇ ਬਚਨ ਕੀਤੇ ਸੀ ਕਿ ਇਹ ਜਗ੍ਹਾ ਪ੍ਰਗਟ ਹੋਵੇਗੀ, ਇੱਥੇ ਅੱਠੇ ਪਹਿਰ ਹਰੀ ਦਾ ਕੀਰਤਨ ਹੋਵੇਗਾ। ਬੱਚੀਏ, ਇਹ ਤੇਰੇ ਸਿਦਕ ਰਾਹੀਂ ਪ੍ਰਗਟ ਹੋਣੀ ਸੀ। ਦੂਸਰਾ, ਜਿਹੜਾ ਇਸ ਦਾ ਕੁਝ ਹੱਥ ਜਿਹੜਾ ਟਾਹਣ ਨੂੰ ਫੜਿਆ ਸੀ, ਕੋਹੜੀ ਹੈ, ਹੁਣ ਤੇਰੇ ਸਿਦਕ ਲਈ ਉਹ ਹੱਥ ਨੂੰ ਇਸ ਜਲ ਵਿੱਚ ਪਾਉਂਦਾ ਹੈ ਤਾਂ ਕਿ ਤੇਰਾ ਸਿਦਕ ਪੂਰਾ ਹੋ ਜਾਵੇ। ਜਦੋਂ ਉਹ ਹੱਥ ਵੀ ਜਲ ਵਿੱਚ ਪਾਇਆ ਤੇ ਉਹ ਕੋਹੜ ਵੀ ਰਾਜ਼ੀ ਹੋ ਗਿਆ। ਵੇਖ ਲਓ, ਦੁੱਖ ਭੰਜਨੀ ਬੇਰੀ ਦੀ ਮਹਾਨਤਾ। ਸੰਗਤ ਜੀ, ਧਿਆਨ ਦੇਣਾ। ਇਧਰ ਪਿੰਗਲਾ ਰਾਜ਼ੀ ਹੋ ਗਿਆ ਔਰ ਇੱਥੋਂ ਤੱਕ ਲਿਖਿਆ ਹੈ ਕਿ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਅੱਗੇ ਬੇਨਤੀ ਕੀਤੀ ਤੇ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਆਪਣਾ ਸਿੱਖ ਬਣਾ ਲਿਆ। ਉਧਰੋਂ ਉਹ ਰਾਜਾ ਪੱਟੀ ਦਾ, ਇਸ ਦਾ ਪਿਤਾ, ਉਸ ਦੇ ਰਾਜ ਵਿੱਚ ਡਾਕੇ ਪੈ ਗਏ ਤੇ ਕੰਗਾਲ ਹੋ ਗਿਆ। ਉਲਟਾ ਕੰਮ ਹੋ ਗਿਆ। ਉਸ ਨੂੰ ਜਦੋਂ ਪਤਾ ਲੱਗਾ ਕਿ ਮੇਰੀ ਬੱਚੀ ਦੇ ਸਿਦਕ ਸਦਕਾ ਤੀਰਥ ਪ੍ਰਗਟ ਹੋਇਆ, ਇੰਨੀਆਂ ਬਖਸ਼ਿਸ਼ਾਂ ਤੇ ਇਸ ਦਾ ਪਤੀ ਵੀ ਰਾਜ਼ੀ ਹੋ ਗਿਆ। ਜਦੋਂ ਚੱਲ ਕੇ ਆਇਆ, ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਪੱਟੀ ਦੇ ਰਾਜੇ ਨੇ ਕੀ ਆਖਿਆ, ਮੇਰੀਆਂ ਸੱਤ ਧੀਆਂ ਹਨ, ਪੁੱਤਰ

*—ਬਾਕੀ ਹਿੱਸਾ ਪੰਨਾ 18 'ਤੇ ਪੜ੍ਹੋ ਜੀ*

## ਸੇਵਾ ਤੇ ਸਿਮਰਨ ਦੇ ਪੁੰਜ

# ਭਾਈ ਘਨੱਈਆ ਜੀ ਦਾ ਜੀਵਨ

*—ਸੰਤ ਸੁਰਜੀਤ ਸਿੰਘ (ਗਿਆਨੀ)*

ਭਾਈ ਘਨੱਈਆ ਜੀ ਦਾ ਜਨਮ ਮਾਤਾ ਸੁੰਦਰੀ ਜੀ ਅਤੇ ਪਿਤਾ ਨੱਥੂ ਰਾਮ ਖੱਤਰੀ ਗੋਤ ਧੰਮਨ ਦੇ ਗ੍ਰਿਹ ਵਿਖੇ ਪਿੰਡ ਸੋਹਦਰਾ, ਜ਼ਿਲ੍ਹਾ ਸਿਆਲਕੋਟ ਵਿਖੇ ਹੋਇਆ, ਜੋ ਅੱਜ ਕਲ੍ਹ ਪੰਜਾਬ ਦੀ ਵੰਡ ਦੇ ਕਾਰਨ ਬਣੇ ਪਾਕਿਸਤਾਨ ਵਿੱਚ ਰਹਿ ਗਿਆ ਹੈ।

ਭਾਈ ਨੱਥੂ ਰਾਮ ਜੀ ਜਰਨੈਲ ਅਮੀਰ ਸਿੰਘ ਮੁਸਾਹਿਬ ਦੇ ਕਾਰਦਾਰ ਮੁਨਸ਼ੀ ਸਨ। ਜਿਸ ਵੇਲੇ ਵੀ ਅਮੀਰ ਸਿੰਘ ਜੀ ਦੌਰੇ ’ਤੇ ਜਾਂਦੇ, ਇਨ੍ਹਾਂ ਨੂੰ ਨਾਲ ਹੀ ਲੈ ਜਾਇਆ ਕਰਦੇ ਸਨ। ਮੁਸਾਹਿਬ ਦਾ ਸੰਗ ਕਰਕੇ ਤੇ ਕੁਝ ਉਂਝ ਵੀ ਰਹਿਮਦਿਲੀ ਕਰਕੇ ਇਹ ਚੰਗੇ ਧਨਾਢ ਤੇ ਬਰਾਦਰੀ ਵਿਖੇ ਉੱਚੇ ਗਿਣੇ ਜਾਂਦੇ ਸਨ।

ਭਾਈ ਘਨੱਈਆ ਜੀ ਬਚਪਨ ਤੋਂ ਹੀ ਬੈਰਾਗੀ, ਉਦਾਸੀ ਸੁਭਾਅ ਦੇ ਸਨ। ਜਦ ਤੋਂ ਇਨ੍ਹਾਂ ਨੇ ਹੋਸ਼ ਸੰਭਾਲੀ, ਆਮ ਲੜਕਿਆਂ ਵਾਂਗ ਖੇਡ ਨੂੰ ਨਹੀਂ ਪਿਆਰਿਆ ਸਗੋਂ ਆਏ-ਗਏ ਸੰਤਾਂ ਮਹਾਤਮਾਂ ਦੀ ਸੰਗਤ ਕਰਨੀ। ਜਿੱਥੇ ਕਿਧਰੇ ਸਾਧ ਸੰਗਤ ਜੁੜਨੀ, ਚੱਲ ਕੇ ਉੱਥੇ ਜਾ ਕੇ ਦੋ-ਦੋ ਢਾਈ-ਢਾਈ ਘੰਟੇ ਉਨ੍ਹਾਂ ਦੇ ਬਚਨ ਸੁਣਨੇ ਤੇ ਸੇਵਾ ਕਰਨੀ। ਘਰੋਂ ਵੀ ਜੋ ਕੁਝ ਪੈਸੇ ਜਾਂ ਵਸਤੂਆਂ ਆਦਿਕ ਮਿਲਣੀਆਂ, ਫਕੀਰਾਂ, ਗਰੀਬਾਂ, ਮੰਗਤਿਆਂ ਤੇ ਲੋੜਵੰਦਾਂ ਨੂੰ ਦੇ ਦੇਣੀਆਂ।

ਪਿਤਾ ਜੀ ਵੀ ਆਪਣੇ ਪੁੱਤਰ ਦੇ ਇਸ ਤਰ੍ਹਾਂ ਸਾਧੂ ਸੁਭਾਅ ਨੂੰ ਵੇਖ ਕੇ ਪ੍ਰਸੰਨ ਸਨ ਕਿ ਸਾਡਾ ਲੜਕਾ ਕੁਲ ਤਾਰਕ ਹੋਵੇਗਾ। ਇੱਕ ਦਿਨ ਪਿਤਾ ਜੀ ਨੇ ਆਪਣੇ ਆਪ ਸੱਦ ਕੇ ਪਿਆਰ ਦਿੱਤਾ ਤੇ ਕਿਹਾ, “ਹੇ ਪੁੱਤਰ! ਮਾਇਆ ਵੱਲੋਂ ਪ੍ਰਭੂ ਦੀ ਬੜੀ ਕਿਰਪਾ ਹੈ। ਜਿਤਨੇ ਧਨ ਦੀ ਲੋੜ ਹੋਵੇ, ਲੈ ਜਾਇਆ ਕਰ ਤੇ ਲੋੜਵੰਦ ਸਾਧੂ ਮਹਾਤਮਾਂ ਦੀ ਸੇਵਾ ਵਿਖੇ ਲਗਾਇਆ ਕਰ।” ਇਨ੍ਹਾਂ ਤੋਂ ਇਲਾਵਾ ਦੋ ਛੋਟੇ ਭਾਈ ਹੋਰ ਵੀ ਸਨ ਜਿਨ੍ਹਾਂ ਤੋਂ ਵੰਸ਼ ਚੱਲੀ ਆ ਰਹੀ ਹੈ।

ਜਦੋਂ ਪਿਤਾ ਜੀ ਵੱਲੋਂ ਭੀ ਮਾਇਆ ਵੰਡਣ ਦੀ ਖੁੱਲ੍ਹੀ ਆਗਿਆ ਮਿਲ ਗਈ ਤਾਂ ਬਸ ਫਿਰ ਕੀ ਸੀ? ਹਰ ਵਕਤ ਖੀਸੇ ਪੈਸਿਆਂ ਵਸਤੂਆਂ ਨਾਲ ਭਰੀ ਰੱਖਣੇ। ਲੋੜਵੰਦ ਨੂੰ ਦੇ ਕੇ ਉਸ ਦੀ ਖੁਸ਼ੀ ਤੇ ਅਸੀਸ ਲੈਣੀ। ਆਏ-ਗਏ ਮਹਾਤਮਾ ਦੀ ਸੇਵਾ ਵਿੱਚ ਜੁਟੇ ਰਹਿਣਾ।

ਪਿਤਾ ਜੀ ਨੂੰ ਕਹਿ ਕੇ ਇੱਕ ਵੱਖਰਾ ਕਮਰਾ ਬਣਵਾ ਲਿਆ। ਉਸ ਵਿੱਚ ਆਏ-ਗਏ ਮੁਸਾਫਰਾਂ ਨੂੰ ਠਹਿਰਨ ਲਈ ਥਾਂ ਦੇਣੀ। ਮੰਜਾ-ਬਿਸਤਰਾ ਤੇ ਭੋਜਨ ਛਕਾਉਣਾ। ਥੱਕੇ ਹੋਇਆਂ ਦੀ ਮੁੱਠੀ-ਚਾਪੀ ਵੀ ਕਰਨੀ। ਹਰ ਤਰ੍ਹਾਂ ਦੇ ਸੁੱਖ ਆਰਾਮ ਨੂੰ ਜਾਣ ਸੁਣ ਕੇ ਦੂਰ-ਦੁਰਾਡੇ ਦੇ ਬਹੁਤ ਮੁਸਾਫਰ ਆ ਜਾਂਦੇ। ਸੁੱਖ-ਆਰਾਮ ਲੈ ਕੇ ਸਾਰੇ ਭਾਈ ਨੱਥੂ ਰਾਮ ਜੀ ਨੂੰ ਅਸੀਸਾਂ ਦੇ ਜਾਂਦੇ। ਪਿਤਾ ਜੀ ਨੇ ਵੀ ਕੁਝ ਕੰਮ ਵਧਿਆ ਵੇਖ ਕੇ ਸੇਵਾ ਵਿਖੇ ਹੱਥ ਵਟਾਉਣ ਲਈ ਕੁਝ ਨੌਕਰ ਵੀ ਰੱਖ ਦਿੱਤੇ।

ਜਦੋਂ ਕਿਸੇ ਪਾਸ ਉਸ ਦੀ ਵਿੱਤ ਤੋਂ ਭਾਰੀ ਬੋਝਾ (ਭਾਰੀ ਵਜ਼ਨ ਵਾਲੀ ਬੋਰੀ ਆਦਿਕ) ਵੇਖਦੇ ਤਾਂ ਆਪ ਚੁੱਕ ਕੇ ਉਸ ਦੇ ਅਸਥਾਨ ’ਤੇ ਛੱਡ

ਆਉਂਦੇ ਸਨ। ਇਸ ਤਰ੍ਹਾਂ ਸਾਰਾ ਦਿਨ ਤੇ ਕੁਝ ਰਾਤ ਦਾ ਸਮਾਂ ਸੇਵਾ ਵਿਖੇ ਬੀਤ ਜਾਂਦਾ। ਸੰਤਾਂ ਮਹਾਤਮਾ ਦੀ ਸੰਗਤ ਤੇ ਉਨ੍ਹਾਂ ਦੀਆਂ ਅਸੀਸਾਂ ਦਾ ਸਦਕਾ ਅੰਮ੍ਰਿਤ ਵੇਲੇ ਉੱਠ ਕੇ ਸਿਮਰਨ ਵੀ ਕਰਿਆ ਕਰਦੇ।

ਜਦ ਸੁਣਦੇ ਕਿ ਅੱਜ ਫਲਾਣੇ ਮੰਦਰ ਜਾਂ ਧਰਮਸ਼ਾਲਾ ਵਿਖੇ ਸੰਤ ਜਨ ਆ ਕੇ ਠਹਿਰੇ ਹਨ, ਉੱਥੇ ਚੱਲ ਕੇ ਜਾਣਾ, ਉਨ੍ਹਾਂ ਦੇ ਬਚਨ ਸੁਣਨੇ ਤੇ ਉਨ੍ਹਾਂ ਦੀ ਰੀਝ ਨਾਲ ਸੇਵਾ ਕਰਨੀ। ਕਈ ਵਾਰ ਤਾਂ ਸਾਰੀ-ਸਾਰੀ ਰਾਤ ਉਨ੍ਹਾਂ ਪਾਸ ਹੀ ਰਹਿਣਾ। ਸੇਵਾ ਕਰਦਿਆਂ ਇਤਨਾ ਲੀਨ ਹੋ ਜਾਣਾ ਕਿ ਘਰ ਦਾ ਖਿਆਲ ਹੀ ਭੁੱਲ ਜਾਣਾ।

ਉਨ੍ਹਾਂ ਸਮਿਆਂ 'ਚ ਮੁਗਲਾਂ ਦਾ ਰਾਜ ਹੋਣ ਕਰਕੇ ਕਰਮਚਾਰੀ ਆਪਣਾ ਕੰਮ ਕਰਵਾਉਣ ਲਈ ਗਰੀਬਾਂ, ਅਨਾਥਾਂ ਤੇ ਮਜ਼ਲੂਮਾਂ ਨੂੰ ਬਿਗਾਰੀ ਪਕੜ ਲਿਆ ਕਰਦੇ ਸਨ। ਕੰਮ ਵੀ ਕਰਵਾਉਣਾ, ਮਾਰਨਾ ਵੀ ਪਰ ਭਾਈ ਘਨੱਈਆ ਜੀ ਜਿਸ ਕਿਸੇ ਨੂੰ ਬਿਗਾਰੀ ਪਕੜਿਆ ਦੇਖਦੇ ਤਾਂ ਉਸ ਦਾ ਬੋਝ ਆਪ ਚੁੱਕ ਕੇ ਉਸ ਨੂੰ ਖਾਣ-ਪੀਣ ਨੂੰ ਪੈਸੇ ਦੇਂਦੇ ਅਤੇ ਆਪ ਬਿਗਾਰੀ ਬਣ ਜਾਂਦੇ ਸਨ।

ਇੱਕ ਵਾਰ ਇੱਕ ਪਠਾਨ ਇੱਕ ਪੁਰਸ਼ ਨੂੰ ਬਿਗਾਰੀ ਪਕੜ ਕੇ ਉਸ ਨੂੰ ਭਾਰੀ ਬੋਝ ਚੁਕਾਈ ਚਲਿਆ ਜਾ ਰਿਹਾ ਸੀ। ਬਿਗਾਰੀ ਕਮਜ਼ੋਰ ਸੀ ਅਤੇ ਬੋਝ ਭਾਰਾ ਸੀ, ਇਸ ਕਰਕੇ ਸਹਿਜੇ-ਸਹਿਜੇ ਮੁਸ਼ਕਲ ਨਾਲ ਚੱਲ ਰਿਹਾ ਸੀ। ਪਠਾਨ ਤਰਸ ਕਰਨ ਦੀ ਥਾਂ ਉਸ ਨੂੰ ਗਾਲ੍ਹਾਂ ਕੱਢ ਰਿਹਾ ਸੀ।

ਕੁਝ ਦੂਰ ਜਾ ਕੇ ਬਿਗਾਰੀ ਦਾ ਭਾਰੀ ਬੋਝ ਕਰਕੇ ਰੋਣ ਨਿਕਲ ਗਿਆ ਅਤੇ ਬੋਝ ਬੇਵਸੀ ਕਰਕੇ ਡਿੱਗ ਪਿਆ। ਇਹ ਦੇਖ ਕੇ ਪਠਾਨ ਨੇ ਕ੍ਰੋਧਿਤ ਹੋ ਕੇ ਉਸ ਨੂੰ ਬੁਰੀ ਤਰ੍ਹਾਂ ਮਾਰਿਆ, ਜਿਸ 'ਤੇ ਉਸ ਦੀਆਂ ਉੱਚੀ-ਉੱਚੀ ਭੁੱਬਾਂ ਨਿਕਲ ਗਈਆਂ।

ਭਾਈ ਘਨੱਈਆ ਜੀ ਉਸ ਵੇਲੇ ਮੁਸਾਫਰਖਾਨੇ ਵਿਖੇ ਸੰਤਾਂ-ਮਹਾਤਮਾਂ ਨਾਲ ਪਰਮੇਸ਼ਰ ਸੰਬੰਧੀ ਵਾਰਤਾਲਾਪ ਕਰ ਰਹੇ ਸਨ। ਦਰਦ ਭਰੀ ਰੋਣ ਦੀ ਆਵਾਜ਼ ਸੁਣ ਕੇ ਬਾਹਰ ਆਏ ਤਾਂ ਵੇਖਦਿਆਂ ਸਾਰ ਹੀ ਮਨ ਪਿੰਘਲ ਗਿਆ। ਅਣਪੁੱਛੇ ਹੀ ਸਾਰੀ ਵਾਰਤਾ ਨੂੰ ਜਾਣ ਕੇ ਭਾਰੀ ਬੋਝਾ ਆਪ ਚੁੱਕ ਲਿਆ ਤੇ ਉਸ ਪੁਰਸ਼ ਨੂੰ ਆਪਣੇ ਖੀਸੇ ਵਿੱਚੋਂ ਇੱਕ ਰੁਪਿਆ ਕੱਢ ਕੇ ਦੇ ਦਿੱਤਾ ਤੇ ਕਿਹਾ, "ਜਾਓ, ਜਾ ਕੇ ਅੰਨ-ਪਾਣੀ ਲਿਆ ਕੇ ਆਪਣਾ ਤੇ ਆਪਣੇ ਬੱਚਿਆਂ ਦਾ ਪੇਟ ਭਰੋ।"

ਇਧਰ ਪਠਾਨ ਭਾਈ ਘਨੱਈਆ ਜੀ ਦੇ ਚਿਹਰੇ ਵੱਲ ਦੇਖਦਾ ਹੈ, ਸੁੰਦਰ ਕੀਮਤੀ ਬਸਤਰਾਂ ਵੱਲ ਵੇਖਦਾ ਹੈ। ਸਿਰ ਤੋਂ ਪੈਰਾਂ ਤੱਕ ਤੇ ਪੈਰਾਂ ਤੋਂ ਸਿਰ ਤੱਕ ਵੇਖਦਾ ਹੋਇਆ ਅਚੰਭੇ ਵਿੱਚ ਪਿਆ ਤੇ ਕੁਝ ਬੋਲ ਨਹੀਂ ਸਕਿਆ। ਬਸ, ਹੈਰਾਨੀ ਵਿਖੇ ਖਲੋਤਾ ਸੋਚ ਰਿਹਾ ਸੀ ਕਿ ਇਤਨੇ ਨੂੰ ਭਾਈ ਘਨੱਈਆ ਜੀ ਨੇ ਕਿਹਾ, "ਖਾਨ ਸਾਹਿਬ ਜੀ! ਚੱਲੋ!"

ਇਹ ਬਚਨ ਸੁਣ ਕੇ ਪਠਾਨ ਕੋਲੋਂ ਰਿਹਾ ਨਾ ਗਿਆ ਤੇ ਭਾਈ ਜੀ ਦੇ ਚਿਹਰੇ ਦਾ ਨੂਰਾਨੀ ਤੇਜ ਨਾ ਸਹਾਰਦਿਆਂ ਹੋਇਆਂ ਬੜੇ ਧੀਮੇ ਜਿਹੇ ਸ਼ਬਦਾਂ ਵਿੱਚ ਪਠਾਨ ਨੇ ਕਿਹਾ, "ਹੇ ਬਾਲਕੇ! ਬੋਝ ਨੂੰ ਰੱਖ ਦੇ ਤੂੰ। ਤੇ ਇਹ ਦੱਸ, ਬਿਗਾਰੀ ਨਾਲ ਤੇਰਾ ਕੀ ਸੰਬੰਧ ਹੈ ਸੀ ਜੋ ਉਸ ਪਾਸੋਂ ਭਾਰ ਵੀ ਆਪ ਚੁੱਕ ਲਿਆ ਤੇ ਇੱਕ ਰੁਪਿਆ ਵੀ ਦੇ ਦਿੱਤਾ ਈ?"

ਪਠਾਨ ਦੀ ਇਹ ਗੱਲ ਸੁਣ ਕੇ ਭਾਈ ਘਨੱਈਆ ਜੀ ਨੇ ਕਿਹਾ, "ਹੇ ਖਾਨ ਸਾਹਿਬ! ਹਰੀ ਪਰਮੇਸ਼ਵਰ ਤੇ ਖੁਦਾ ਦੇ ਬੰਦੇ ਨਾਲ ਮੇਰਾ ਸੰਬੰਧ ਹੈ। ਬੋਝ ਬਹੁਤ ਭਾਰੀ ਹੈ ਜੋ ਉਸ ਪਾਸੋਂ ਚੁੱਕਿਆ ਨਹੀਂ ਸੀ ਜਾਂਦਾ ਜਿਸ ਨੂੰ ਮੈਂ ਬੜੀ ਅਸਾਨੀ ਨਾਲ ਚੁੱਕ ਲਿਆ ਹੈ। ਤੀਸਰਾ, ਉਹ ਤੇਰੀ ਬਿਗਾਰ ਕਰਕੇ ਦੁਖੀ

ਸੀ ਕਿਉਂਕਿ ਉਹ ਬਾਲ-ਬੱਚੇਦਾਰ ਸੀ। ਉਸਨੇ ਮਿਹਨਤ ਕਰਕੇ ਚਾਰ ਪੈਸੇ ਕਮਾ ਆਪਣੇ ਕੁਟੰਬ ਨੂੰ ਪਾਲਣਾ ਸੀ ਪਰ ਮੈਂ ਬਿਗਾਰੀਆਂ ਅਨਾਥਾਂ ਦੀ ਥਾਂ ਆਪ ਬਿਗਾਰ ਕਰਕੇ ਖੁਸ਼ ਹਾਂ, ਕਿਉਂਕਿ ਮੈਨੂੰ ਪੈਸਿਆਂ ਦਾ ਕੋਈ ਫਿਕਰ ਨਹੀਂ। ਖੁਦਾ ਦੀ ਮਿਹਰ ਨਾਲ ਕਾਫੀ ਮਾਲ-ਧਨ ਘਰ ਵਿਖੇ ਹੈ। ਨਾਲੇ ਮੈਂ ਕੋਈ ਟੱਬਰ ਵੀ ਤਾਂ ਨਹੀਂ ਪਾਲਣਾ।

ਖੁਦਾ ਦੇ ਪਿਆਰੇ ਭਾਈ ਘਨੱਈਆ ਜੀ ਦੇ ਸਿੱਧੇ-ਸਾਦੇ ਤੇ ਸੱਚੇ ਬਚਨ ਸੁਣ- ਸਮਝ ਕੇ ਪਠਾਨ ਦੀ ਆਤਮਾ ਜਾਗ ਪਈ ਤੇ ਹੱਥ ਜੋੜ ਕੇ ਬੇਨਤੀਆਂ ਕਰਨ ਲੱਗਾ- "ਐ ਖੁਦਾ ਦੇ ਬੰਦੇ! ਮੇਰੇ ਉੱਪਰ ਰਹਿਮ ਕਰ। ਪੰਡ ਰੱਖ ਦੇਹ। ਤੁਸੀਂ ਬਿਗਾਰੀ ਨਹੀਂ, ਤੁਸੀਂ ਤਾਂ ਖੁਦਾ ਦੇ ਪਿਆਰੇ ਹੋ।"

ਪਠਾਨ ਪੰਡ ਉਤਾਰੇ ਪਰ ਭਾਈ ਸਾਹਿਬ ਜੀ ਪੰਡ ਨੂੰ ਉਤਾਰਨ ਨਾ। ਰਾਹ ਜਾਂਦੇ ਲੋਕ ਇਕੱਠੇ ਹੋ ਗਏ। ਪਠਾਨ ਨੇ ਜ਼ੋਰ ਨਾਲ ਪੰਡ ਉਤਾਰ ਲਈ। ਭਾਈ ਘਨੱਈਆ ਜੀ ਅੱਗੇ ਪਠਾਨ ਹੱਥ ਜੋੜੀ ਖੜ੍ਹਿਆਂ ਦੇਖ ਕੇ ਸਭ ਹੈਰਾਨੀ ਸਹਿਤ ਚੁੱਪ-ਚੁਪੀਤੇ ਖੜ੍ਹੇ ਸਨ। ਪਠਾਨ ਹੱਥ ਜੋੜੀ ਮੁਆਫੀਆਂ ਮੰਗੀ ਜਾਂਦਾ ਹੈ ਤੇ ਕਹਿੰਦਾ ਹੈ, "ਮਿਹਰ ਕਰੋ, ਮੇਰਾ ਕੀਤਾ ਗੁਨਾਹ ਮੁਆਫ ਕਰ ਦਿਓ। ਅੱਜ ਤੋਂ ਬਾਅਦ ਮੈਂ ਕਦੀ ਬਿਗਾਰ ਨਹੀਂ ਲਵਾਂਗਾ।"

ਪਠਾਨ ਦੀਆਂ ਇਸ ਤਰ੍ਹਾਂ ਅਰਜ਼ੋਈਆਂ ਸੁਣ ਕੇ ਭਾਈ ਘਨੱਈਆ ਜੀ ਨੇ ਕਿਹਾ- "ਹੇ ਖਾਨ ਸਾਹਿਬ! ਪ੍ਰਭੂ ਦੀ ਬਣਾਈ ਹੋਈ ਸਾਰੀ ਸ੍ਰਿਸ਼ਟੀ ਦੇ ਜੀਵਾਂ 'ਤੇ ਮਿਹਰ ਦੀ ਨਿਗਾਹ ਰੱਖੋ। ਕਿਸੇ ਨੂੰ ਦੁੱਖ ਨਾ ਦੇਵੋ। ਹਰ ਦੁੱਖੀ ਅਨਾਥ ਦੀ ਮਦਦ ਕਰੋ। ਸਭਨਾਂ ਜੀਵਾਂ ਦਾ ਮਾਲਕ ਪਰਮੇਸ਼ਰ ਹੈ। ਜੇਕਰ ਤੁਸੀਂ ਉਸ ਦੀ ਸੰਤਾਨ ਨੂੰ ਦੁੱਖ ਦੇਵੋਗੇ ਤਾਂ ਪ੍ਰਭੂ ਤੁਹਾਨੂੰ ਵੀ ਦੁੱਖ ਦੇਵੇਗਾ।

ਭਾਈ ਸਾਹਿਬ ਦੇ ਬਚਨ ਸੁਣ ਕੇ ਪਠਾਨ ਦਾ ਮਨ ਪਿੰਘਲ ਗਿਆ। ਹੱਥ ਜੋੜ ਸਿਰ ਝੁਕਾ ਕੇ ਕਿਹਾ, "ਹੇ ਖੁਦਾ ਦੇ ਪਿਆਰੇ! ਮੈਂ ਅੱਗੇ ਤੋਂ ਕਦੀ ਵੀ ਕਿਸੇ ਨੂੰ ਦੁੱਖ ਨਹੀਂ ਦੇਵਾਂਗਾ, ਨਾ ਹੀ ਕਿਸੇ ਨੂੰ ਬਿਗਾਰੀ ਪਕੜਾਂਗਾ।" ਉਸੇ ਵਕਤ ਆਪਣੀ ਪੰਡ ਉਸ ਪਠਾਨ ਨੇ ਆਪ ਚੁੱਕੀ ਤੇ ਘਰ ਵੱਲ ਹੋ ਤੁਰਿਆ।

ਇਸ ਤਰ੍ਹਾਂ ਬਿਗਾਰੀਆਂ ਦੇ ਦੁੱਖ ਵੰਡਾਉਂਦਿਆਂ ਸਮਾਂ ਬੀਤ ਰਿਹਾ ਸੀ। ਆਖਰ ਸ਼ਰੀਕਿਆਂ ਵਿੱਚੋਂ ਤੇ ਭਾਈ ਨੱਥੂ ਰਾਮ ਜੀ ਦੇ ਨਜ਼ਦੀਕੀ ਲੋਕਾਂ ਨੇ ਦੱਸਿਆ ਕਿ ਤੇਰਾ ਪੁੱਤਰ ਲੋਕਾਂ ਦੀਆਂ ਬਿਗਾਰਾਂ ਕਰਦਾ ਹੈ। ਇਸ ਤਰ੍ਹਾਂ ਬਹੁਤਿਆਂ ਲੋਕਾਂ ਦੇ ਕਹਿਣ ਤੇ ਭਾਈ ਨੱਥੂ ਰਾਮ ਜੀ ਦੇ ਮਨ ਵਿੱਚ ਰੋਹ ਆ ਗਿਆ। ਉਸ ਵੇਲੇ ਭਾਈ ਘਨੱਈਆ ਜੀ ਨੂੰ ਆਪਣੇ ਪਾਸ ਸੱਦਿਆ। ਘਰ ਵਿਖੇ ਬੈਠ ਕੇ ਬਹੁਤ ਸਮਝਾਇਆ, "ਹੇ ਪੁੱਤਰ! ਬੇਸ਼ੱਕ ਤੂੰ ਜਿਤਨਾ ਧਨ ਚਾਹੇਂ ਦਾਨ ਕਰ ਦੇ। ਸਾਧੂ-ਸੰਤਾਂ ਦੇ ਠਹਿਰਨ ਵਾਸਤੇ ਹੋਰ ਕਮਰੇ ਬਣਾ ਦਿੰਦੇ ਹਾਂ। ਭੋਜਨ ਛਕਾ, ਪਰ ਇਹ ਜੋ ਲੋਕਾਂ ਦੀ ਬਿਗਾਰ ਕਰਦਾ ਹੈਂ, ਤੂੰ ਇਹ ਨਾ ਕਰ।"

"ਜਿਸ ਵੇਲੇ ਲੋਕ ਆ ਕੇ ਕਹਿੰਦੇ ਹਨ ਕਿ ਸ਼ਾਹ ਜੀ! ਤੁਹਾਡਾ ਪੁੱਤਰ ਤਾਂ ਅੱਜ ਫਲਾਣੇ ਪਿੰਡ ਬਿਗਾਰ 'ਤੇ ਗਿਆ ਹੈ, ਉਸ ਵੇਲੇ ਇਸ ਤਰ੍ਹਾਂ ਦੀਆਂ ਬੋਲੀਆਂ ਸੁਣ ਕੇ ਕਲੇਜਾ ਫਟ ਜਾਂਦਾ ਹੈ। ਇਹੋ ਜਿਹੀਆਂ ਤੇਰੀਆਂ ਨੀਵੀਆਂ ਗੱਲਾਂ ਸੁਣ ਕੇ ਬਹੁਤ ਦੁੱਖ ਹੁੰਦਾ ਹੈ। ਲੋਕ ਤਾਂ ਸਾਡੀਆਂ ਮੁੱਠੀਆਂ-ਚਾਪੀਆਂ ਕਰਦੇ ਹਨ। ਅਸੀਂ ਵੱਡੀ ਜਾਤ ਦੇ ਖੱਤਰੀ ਹਾਂ। ਤੂੰ ਤਾਂ ਬਿਗਾਰ ਕਰਕੇ ਕੁਲ ਨੂੰ ਦਾਗ ਲਾ ਦਿੱਤਾ ਹੈ। ਹੇ ਪੁੱਤਰ! ਤੂੰ ਇਸ ਬਿਗਾਰ ਵਾਲੇ ਕੰਮ ਨੂੰ ਛੱਡ ਦੇ। ਸਾਧੂਆਂ, ਮਹਾਤਮਾ ਦੀ ਜਿਤਨਾ ਜੀ ਆਵੇ, ਸੇਵਾ ਕਰ। ਧਨ-ਪਦਾਰਥ ਦੀ ਕਮੀ ਨਹੀਂ। ਪ੍ਰਭੂ ਦਾ ਬਥੇਰਾ ਦਿੱਤਾ ਹੋਇਆ ਹੈ ਪਰ ਪੁੱਤਰ! ਇਸ ਬਿਗਾਰ ਵਿੱਚ ਸਾਡੀ ਬਦਨਾਮੀ ਹੀ ਬਦਨਾਮੀ ਹੈ। ਜੇ ਤੂੰ ਅਜਿਹੇ ਕੰਮ ਕਰੇਂਗਾ ਤਾਂ ਤੈਨੂੰ ਕੌਣ ਕੰਨਿਆ

ਦੇਵੇਗਾ? ਕੁਝ ਨਾ ਕੁਝ ਕੁਲ ਦੀ ਵੀ ਤਾਂ ਲਾਜ ਰੱਖਣੀ ਚਾਹੀਦੀ ਹੈ।"

ਇਸ ਤਰ੍ਹਾਂ ਦੀਆਂ ਵਿਹਾਰਕ ਗੱਲਾਂ ਸਮਝਾਉਂਦਿਆਂ ਭਾਈ ਨੱਥੂ ਰਾਮ ਜੀ ਦਾ ਗਲਾ ਭਰ ਆਇਆ ਤੇ ਭਾਈ ਘਨੱਈਆਂ ਜੀ ਨੂੰ ਦੋਹਾਂ ਬਾਹਵਾਂ ਵਿਖੇ ਘੁੱਟ ਲਿਆ। ਸਿਰ ਚੁੰਮ ਕੇ ਪਿਆਰ ਦਿੱਤਾ ਤੇ ਕਹਿਣ ਲੱਗੇ, "ਪੁੱਤਰ! ਇਸ ਕੰਮ ਵਿੱਚ ਸਾਡੀ ਸੋਭਾ ਨਹੀਂ।"

ਪਰ ਭਾਈ ਘਨੱਈਆ ਜੀ ਕੁਝ ਹੋਰ ਹੀ ਸੋਚ ਰਹੇ ਸਨ। ਜਿਸ ਵਕਤ ਪਿਤਾ ਜੀ ਨੂੰ ਪਿਆਰ ਵਿੱਚ ਵੇਖਿਆ ਤਾਂ ਕਿਹਾ, "ਹੇ ਪਿਤਾ ਜੀ! ਮੈਂ ਕੋਈ ਚੋਰੀਆਂ ਤਾਂ ਨਹੀਂ ਕਰਦਾ, ਜਿਸ ਤੋਂ ਲੋਕ ਆਪ ਜੀ ਨੂੰ ਉਲਾਂਭੇ ਦਿੰਦੇ ਹਨ ਅਤੇ ਨਾ ਹੀ ਆਪ ਜੀ ਦਾ ਮੈਂ ਕੋਈ ਕੰਮ ਵਿਗਾੜਿਆ ਹੈ। ਮੈਂ ਤਾਂ ਗਰੀਬਾਂ, ਅਨਾਥਾਂ ਤੇ ਮਜ਼ਦੂਰਾਂ ਦੀ ਸੇਵਾ ਕਰਦਾ ਹਾਂ।"

"ਮਹਾਂਪੁਰਸ਼ਾਂ ਦਾ ਕਹਿਣਾ ਹੈ ਕਿ ਪ੍ਰਲੋਕ ਵਿਖੇ ਜਾਤ-ਪਾਤ ਦਾ ਕੋਈ ਲਿਹਾਜ਼ ਨਹੀਂ ਹੁੰਦਾ। ਉੱਥੇ ਤਾਂ ਅਮਲਾਂ 'ਤੇ ਨਿਬੇੜੇ ਹੁੰਦੇ ਹਨ। ਜੋ ਸੰਤਾਂ, ਮਹਾਤਮਾਂ, ਗਰੀਬਾਂ, ਮਜ਼ਲੂਮਾਂ ਦੀ ਸੇਵਾ ਤੇ ਪ੍ਰਭੂ ਦਾ ਸਿਮਰਨ ਕਰਦਾ ਹੈ, ਦਰਗਾਹ ਵਿਖੇ ਉਸ ਦੀ ਪਤਿ-ਆਬਰੂ, ਰਹਿ ਆਂਵਦੀ ਹੈ। ਉੱਥੇ ਤਾਂ ਵੱਡੇ-ਵੱਡੇ ਚੱਕਰਵਰਤੀ ਰਾਜਿਆਂ ਦੀ ਬਾਤ ਨਹੀਂ ਪੁੱਛੀ ਜਾਂਦੀ ਤੇ ਅਸੀਂ ਤੁੱਛ ਜੀਵ ਕੀ ਹਾਂ?

"ਪਿਤਾ ਜੀ! ਮੈਂ ਪਿੱਛੇ ਪੋਹ ਦੇ ਮਹੀਨੇ ਨਗਰ ਤੋਂ ਬਾਹਰ ਗਿਆ ਸਾਂ। ਸਰਦੀ ਵੀ ਬਹੁਤ ਸੀ। ਕਿਤੇ ਗੜ੍ਹੇ ਪੈਣ ਕਰਕੇ ਬੜੀ ਠੰਡੀ ਹਵਾ ਚੱਲ ਰਹੀ ਸੀ। ਮੇਰੇ ਪਾਸ ਕੋਈ ਭਾਰਾ ਕੱਪੜਾ ਵੀ ਨਹੀਂ ਸੀ।"

"ਪਿਤਾ ਜੀ! ਜਦੋਂ ਮੈਨੂੰ ਠੰਢ ਲੱਗਣ ਲੱਗੀ ਤਾਂ ਮੈਂ ਕਿਹਾ, 'ਐ (ਸਰਦੀਏ)! ਮੈਂ ਉੱਚੀ ਜਾਤੀ ਦਾ ਖੱਤਰੀ ਹਾਂ, ਤੂੰ ਮੈਨੂੰ ਛੱਡ ਦੇ।' ਪਰ ਉਸ ਨੇ ਮੇਰੀ ਕੱਖ ਪਰਵਾਹ ਨਾ ਕੀਤੀ ਤੇ ਮੇਰੇ ਸਾਰਿਆਂ ਅੰਗਾਂ ਹੱਥਾਂ-ਪੈਰਾਂ ਨੂੰ ਠਾਰਦੀ ਗਈ। ਬਹੁਤ ਠੰਢ ਲੱਗਣ ਕਰਕੇ ਮੇਰਾ ਰੋਣਾ ਨਿਕਲ ਗਿਆ। ਉਸ ਵਕਤ ਇੱਕ ਗਰੀਬੜੀ ਮਾਈ ਨੇ ਮੇਰੇ ਉੱਪਰ ਆਪਣੇ ਖੋਤੇ ਦਾ ਝੁੱਲ ਲਾਹ ਕੇ ਪਾਇਆ। ਬਸ ਫਿਰ ਕੀ ਸੀ? ਸਰਦੀ ਲੱਗਣੋਂ ਹੱਟ ਗਈ। ਪਿਤਾ ਜੀ! ਮੈਂ ਉੱਚੀ ਕੁਲ ਵਿੱਚੋਂ ਸਾਂ ਪਰ ਸਰਦੀ ਨੇ ਮੇਰਾ ਰਤਾ ਵੀ ਲਿਹਾਜ਼ ਨਹੀਂ ਕੀਤਾ।"

"ਪਿਤਾ ਜੀ! ਜਿੱਥੇ ਪ੍ਰਭੂ ਦੀਆਂ ਬਣਾਈਆਂ ਹੋਈਆਂ ਨਿਆਮਤਾਂ ਅਮਲਾਂ ਤੋਂ ਬਿਨਾਂ ਨਹੀਂ ਲਿਹਾਜ਼ ਕਰਦੀਆਂ ਭਾਵ ਸਰਦੀ ਕੱਪੜੇ ਓਢੇ ਬਗੈਰ ਨਹੀਂ ਛੱਡਦੀ ਉੱਥੇ ਸ਼ੁਭ ਕਰਮਾਂ, ਨਾਮ ਸਿਮਰਨ ਤੋਂ ਬਿਨਾਂ ਪ੍ਰਭੂ ਦੀ ਦਰਗਾਹ ਵਿਖੇ ਕਿਵੇਂ ਛੁਟਕਾਰਾ ਹੋਵੇਗਾ? ਇਸ ਲਈ ਹੇ ਪਿਤਾ ਜੀ! ਜੋ ਮੈਂ ਕਰਦਾ ਹਾਂ, ਉਹ ਸੰਤਾਂ-ਮਹਾਤਮਾਂ ਦੇ ਦਿੱਤੇ ਉਪਦੇਸ਼ ਅਨੁਸਾਰ ਠੀਕ ਹੀ ਕਰਦਾ ਹਾਂ।"

ਆਪਣੇ ਪੁੱਤਰ ਪਾਸੋਂ ਇਸ ਤਰ੍ਹਾਂ ਦੇ ਬਚਨ ਸੁਣ ਕੇ ਭਾਈ ਨੱਥੂ ਰਾਮ ਜੀ ਨੇ ਵਿਚਾਰਿਆ, ਚਲੋ ਜੇ ਲੋਕ ਨਿੰਦਿਆ ਕਰਦੇ ਹਨ ਤਾਂ ਪਏ ਕਰਨ। ਆਖਰ ਘਨੱਈਆ ਠੀਕ ਹੀ ਤਾਂ ਕਹਿੰਦਾ ਹੈ ਕਿ ਦਰਗਾਹ ਵਿਖੇ ਜਾਤ-ਪਾਤ ਦਾ ਲਿਹਾਜ਼ ਠੀਕ ਨਹੀਂ।

ਭਾਈ ਘਨੱਈਆ ਜੀ ਦੀ ਬਾਲਕ ਅਵਸਥਾ ਇਸ ਤਰ੍ਹਾਂ ਗਰੀਬਾਂ, ਮਜ਼ਲੂਮਾਂ, ਅਨਾਥਾਂ, ਸੰਤਾਂ-ਮਹਾਤਮਾ ਦੀ ਸੇਵਾ-ਟਹਿਲ, ਕਥਾ-ਕੀਰਤਨ ਤੇ ਨਾਮ ਦੀ ਮਹਿਮਾ ਸੁਣਦਿਆਂ ਬਤੀਤ ਹੋ ਗਈ।

ਸਮੇਂ ਨੇ ਰੰਗ ਲਾਇਆ। ਭਾਈ ਘਨੱਈਆ ਜੀ ਜਿੱਥੇ ਪਰਉਪਕਾਰੀ ਸਨ ਉੱਥੇ ਨਾਲ ਹੀ ਪਰਮਾਤਮਾ ਦੀ ਕਿਰਪਾ ਕਰਕੇ ਸੁਹਣਾ ਰੰਗ-ਰੂਪ, ਸਰੀਰ ਦੀ ਬਣਤਰ ਤੇ ਸੁਹਣੀ ਜਵਾਨੀ ਭਾਈ ਘਨੱਈਆ ਜੀ ਉੱਪਰ ਇੱਕ ਵੱਖਰੇ ਹੀ ਰੂਪ ਵਿੱਚ ਵਰਤ ਗਈ। ਹਰ ਥਾਂ ਭਾਈ ਘਨੱਈਆ ਜੀ ਦਾ

ਸਤਿਕਾਰ, ਆਦਰ-ਮਾਣ ਹੋਣ ਲੱਗ ਪਿਆ। ਸ਼ਿਕਾਇਤਾਂ ਤੇ ਨਿੰਦਿਆ ਕਰਨ ਵਾਲੇ ਵੀ ਭਾਈ ਜੀ ਦੀ ਕਰਤੱਬਤਾ, ਮਿੱਠਾ ਬੋਲ, ਮਿਲਵਰਤਨ ਵਾਲਾ ਸੁਭਾਅ ਵੇਖ ਕੇ ਸਾਰੇ ਸਤਿਕਾਰ ਕਰਨ ਲੱਗ ਪਏ।

ਲੋਕ ਰਹੁ-ਰੀਤੀ ਅਨੁਸਾਰ ਭਾਈ ਘਨੱਈਆ ਜੀ ਵਾਸਤੇ ਬਹੁਤ ਹੀ ਧਨਾਢ ਘਰਾਂ ਵਿੱਚੋਂ ਰਿਸ਼ਤੇ ਆਏ ਪਰ ਭਾਈ ਜੀ ਨੇ ਸਭਨਾਂ ਨੂੰ ਨਾਂਹ ਕਰ ਦਿੱਤੀ। ਉਦਾਸੀ ਤੇ ਨਾਮ ਸਿਮਰਨ, ਸੇਵਾ ਨਾਲ ਪਿਆਰ ਹੋਣ ਕਰਕੇ ਇਨ੍ਹਾਂ ਸੰਸਾਰਕ ਜੰਜਾਲਾਂ ਵਿੱਚ ਫਸਣਾ ਨਹੀਂ ਸਨ ਚਾਹੁੰਦੇ।

ਸਮਾਂ ਪਾ ਕੇ ਭਾਈ ਘਨੱਈਆ ਜੀ ਦੇ ਪਿਤਾ ਭਾਈ ਨੱਥੂ ਰਾਮ ਜੀ ਪ੍ਰਲੋਕ ਗਮਨ ਕਰ ਗਏ। ਇਨ੍ਹਾਂ ਹੀ ਦਿਨਾਂ ਵਿੱਚ ਦੱਖਣ ਦੇਸ਼ ਦਾ ਰਾਜਾ ਦਿੱਲੀ ਸਰਕਾਰ ਤੋਂ ਆਕੀ ਹੋ ਗਿਆ ਜਿਸ 'ਤੇ ਉਹ ਮਾਮਲਾ ਨਹੀਂ ਸੀ ਤਾਰਦਾ। ਉਸ ਦੇ ਫਤਹਿ ਕਰਨ ਲਈ ਔਰੰਗਜ਼ੇਬ ਨੇ ਜਰਨੈਲ ਅਮੀਰ ਸਿੰਘ ਨੂੰ ਫੌਜਾਂ ਦੇ ਕੇ ਭੇਜਿਆ ਜੋ ਉੱਥੇ ਦਿੱਲੀ ਪੁੱਜਾ ਹੋਇਆ ਸੀ। ਬਾਦਸ਼ਾਹ ਦੇ ਹੁਕਮ ਅਨੁਸਾਰ ਅਮੀਰ ਸਿੰਘ ਫੌਜਾਂ ਲੈ ਕੇ ਦਿੱਲੀ ਤੋਂ ਰਵਾਨਾ ਹੋ ਗਿਆ। ਜਿਸ ਵੇਲੇ ਰਾਹ ਵਿੱਚ 'ਸੋਹਦਰੇ' ਪਿੰਡ ਵਿੱਚ ਆਇਆ ਤਾਂ ਇੱਕ ਸਿਪਾਹੀ ਨੂੰ ਭੇਜਿਆ ਕਿ ਜਾ ਕੇ ਮੁਨਸ਼ੀ ਨੱਥੂ ਰਾਮ ਨੂੰ ਬੁਲਾ ਕੇ ਲੈ ਆ।

ਜਿਸ ਵੇਲੇ ਸਿਪਾਹੀ ਬੁਲਾਉਣ ਵਾਸਤੇ ਨੱਥੂ ਰਾਮ ਜੀ ਦੇ ਘਰ ਪੁੱਜਾ ਤਾਂ ਪੁੱਛਣ ਤੋਂ ਪਤਾ ਲੱਗਾ ਕਿ ਉਹ ਬੀਮਾਰ ਹੋ ਕੇ ਲਾਹੌਰ ਵਿਖੇ ਹੀ ਪ੍ਰਲੋਕ ਸਿਧਾਰ ਗਏ। ਵਾਪਸ ਆ ਕੇ ਉਸ ਸਿਪਾਹੀ ਨੇ ਸਾਰੀ ਵਾਰਤਾ ਕਹਿ ਸੁਣਾਈ। ਜਰਨੈਲ ਅਮੀਰ ਸਿੰਘ ਨੇ ਅਫਸੋਸ ਪ੍ਰਗਟ ਕਰਦਿਆਂ ਹੋਇਆ ਕਿਹਾ, "ਹੱਛਾ! ਜੋ ਕਰਤਾਰ ਨੂੰ ਭਾਵੇ! ਜੋ ਹੋਣਾ ਸੀ, ਉਹ ਤਾਂ ਹੋ ਗਿਆ ਹੈ, ਹੁਣ ਜਾ ਕੇ ਉਸ ਦੇ ਪੁੱਤਰ ਨੂੰ ਬੁਲਾ ਕੇ ਲਿਆਓ।"

ਉਨ੍ਹਾਂ ਹੀ ਪੈਰਾਂ 'ਤੇ ਉਸ ਸਿਪਾਹੀ ਨੇ ਪਰਤ ਕੇ ਭਾਈ ਨੱਥੂ ਰਾਮ ਜੀ ਦੇ ਪੁੱਤਰ ਭਾਈ ਘਨੱਈਆ ਜੀ ਨੂੰ ਆ ਕੇ ਕਿਹਾ, "ਤੁਹਾਨੂੰ ਮੁਸਾਹਿਬ ਜਰਨੈਲ ਅਮੀਰ ਸਿੰਘ ਜੀ ਬੁਲਾ ਰਹੇ ਹਨ।"

ਜਿੱਥੇ ਭਾਈ ਘਨੱਈਆ ਜੀ ਨੂੰ ਗਰੀਬ ਮਜ਼ਲੂਮਾਂ, ਅਨਾਥਾਂ, ਸੰਤਾਂ-ਮਹਾਤਮਾਂ ਨਾਲ ਪਿਆਰ ਸੀ, ਉੱਥੇ ਉਹ ਬਾਦਸ਼ਾਹਾਂ ਨਾਲ ਵੀ ਘ੍ਰਿਣਾ ਨਹੀਂ ਸਨ ਕਰਦੇ। ਸਭਨਾਂ ਦਾ ਸਤਿਕਾਰ ਕਰਦੇ ਸਨ। ਉਨ੍ਹਾਂ ਨੇ ਅੱਜ ਤੱਕ ਕਿਸੇ ਨੂੰ ਦੁਰਕਾਰਿਆ ਨਹੀਂ ਸੀ। ***"ਜੋ ਸਰਣਿ ਆਵੈ ਤਿਸੁ ਕੰਠਿ ਲਾਵੈ"*** ਵਾਲਾ ਸੁਭਾਅ ਸੀ। ਚਾਹੇ ਗਰੀਬ ਆ ਜਾਵੇ ਚਾਹੇ ਅਮੀਰ ਆ ਜਾਵੇ, ਸਭਨਾਂ ਦੀ ਇਕੋ ਜਿਹੀ ਸੇਵਾ ਕਰਿਆ ਕਰਦੇ ਸਨ।

ਉਸ ਸਿਪਾਹੀ ਦੇ ਕਹਿਣ 'ਤੇ ਉਸੇ ਵੇਲੇ ਉਸ ਨਾਲ ਸਭ ਕੰਮ ਛੱਡ ਕੇ ਚੱਲ ਪਏ। ਭਾਈ ਘਨੱਈਆ ਜੀ ਤੋਂ ਪਹਿਲਾਂ ਹੀ ਇਸ ਦੇ ਰਿਸ਼ਤੇਦਾਰ, ਚਾਚੇ, ਮਾਮੇ, ਤਾਏ ਪੁੱਜੇ ਹੋਏ ਸਨ। ਉਸ ਵੇਲੇ ਜਰਨੈਲ ਅਮੀਰ ਸਿੰਘ ਜੀ ਨੇ ਭਾਈ ਘਨੱਈਆ ਜੀ ਨੂੰ ਆਪਣੀ ਵੱਲੋਂ ਇੱਕ ਸੁਹਣਾ ਕੀਮਤੀ ਦੁਸ਼ਾਲਾ ਤੇ ਪੱਗ ਸਿਰੋਪੇ ਵਜੋਂ ਦਿੱਤੀ ਤੇ ਕਿਹਾ, "ਅੱਜ ਤੋਂ ਤੂੰ ਆਪਣੇ ਪਿਤਾ ਦੀ ਥਾਂ ਹੋਇਆ, ਇਸ ਲਈ ਤੂੰ ਉਨ੍ਹਾਂ ਦਾ ਸਾਰਾ ਕੰਮ ਸੰਭਾਲ ਲੈ ਤੇ ਮੇਰੇ ਨਾਲ ਚੱਲ।"

ਪਹਿਲਾਂ ਤਾਂ ਭਾਈ ਘਨੱਈਆ ਜੀ ਨੇ ਬੜੀ ਨਾਂਹ-ਨੁੱਕਰ ਕੀਤੀ ਪਰ ਹੋਰਨਾਂ ਸੰਬੰਧੀਆਂ ਦੇ ਕਹਿਣ-ਕਹਾਉਣ 'ਤੇ ਕਿ ਮੁਸਾਹਿਬ ਜੀ ਆਪਣੇ ਆਪ ਤੇਰੇ ਪਿਤਾ ਦੀ ਥਾਂ ਤੈਨੂੰ ਰੱਖ ਰਹੇ ਹਨ, ਇਸ ਲਈ ਤੈਨੂੰ ਉਜਰ ਨਹੀਂ ਕਰਨਾ ਚਾਹੀਦਾ। ਆਖਰ ਭਾਈ ਘਨੱਈਆ ਜੀ ਨੇ ਨਿੰਮੋਝੂਣੇ ਹੋਏ ਸਿਰੋਪਾ ਪ੍ਰਵਾਨ ਕਰ ਲਿਆ ਤੇ ਮੁਸਾਹਿਬ ਦੇ ਨਾਲ ਤੁਰ ਪਏ ਤੇ ਲੋੜੀਂਦੀਆਂ ਵਸਤਾਂ ਨਾਲ ਹੀ ਲੈ ਲਈਆਂ। ਭਾਈ ਘਨੱਈਆ ਜੀ ਵਾਸਤੇ ਇੱਕ ਵੱਖਰਾ ਤੰਬੂ ਤੇ

ਹੋਰ ਸਾਰਾ ਸਮਾਨ ਅਤੇ ਪਹਿਰੇ ਲਈ ਸਿਪਾਹੀ ਵੀ ਨੀਯਤ ਕਰ ਦਿੱਤੇ ਗਏ।

ਰਾਹ ਵਿੱਚ ਜਾਂਦਿਆਂ-ਜਾਂਦਿਆਂ ਇੱਕ ਥਾਂ ਰਾਤ ਜੰਗਲ ਵਿੱਚ ਡੇਰੇ ਲਗਾਏ। ਉਸੇ ਜੰਗਲ ਵਿੱਚ ਇੱਕ ਗੁਰਸਿੱਖ ਪ੍ਰਭਾਤ ਵੇਲੇ ਨੌਵੇਂ ਪਾਤਸ਼ਾਹ ਹਿੰਦ ਧਰਮ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਵੈਰਾਗਮਈ ਬਾਣੀ ਉੱਚੀ ਤੇ ਸੁਰੀਲੀ ਧੁਨ ਨਾਲ ਪੜ੍ਹਦਾ ਜਾ ਰਿਹਾ ਸੀ।

ਅਮੋਲਕ ਪਵਿੱਤਰ ਗੁਰਬਾਣੀ ਸੁਣ ਕੇ ਇਧਰ ਭਾਈ ਘਨੱਈਆ ਜੀ ਨੂੰ ਖਜ਼ਾਨੇ ਵਾਲੇ ਤੰਬੂ ਵਿੱਚ ਲੇਟਿਆ ਹੋਇਆ ਪੂਰਾ ਵੈਰਾਗ ਆ ਗਿਆ। ਉਸ ਵੇਲੇ ਕੁੰਜੀਆਂ ਪੇਟੀਆਂ 'ਤੇ ਹੀ ਰੱਖ ਕੇ ਤੰਬੂ ਨੂੰ ਪਾੜ ਕੇ ਬਾਹਰ ਨਿਕਲ ਗਏ। ਸੰਘਣੇ ਜੰਗਲਾਂ ਵਿੱਚ ਪ੍ਰਵੇਸ਼ ਕਰਕੇ ਕਿਧਰੇ ਅਲੋਪ ਹੋ ਗਏ।

ਪਹੁ ਫੁੱਟਦੀ ਨੂੰ ਇੱਕ ਅਯਾਲੀ ਨਿਗਾਹ ਆਇਆ। ਉਸ ਪਾਸ ਪੁੱਜ ਕੇ ਉਸ ਨੂੰ ਆਪਣੀ ਕੀਮਤੀ ਪੁਸ਼ਾਕ ਲਾਹ ਕੇ ਦੇ ਦਿੱਤੀ ਤੇ ਉਸ ਦੇ ਕੱਪੜੇ ਆਪ ਪਾ ਕੇ ਜੰਗਲ ਵਿੱਚ ਇਸ ਪਾਵਨ ਸ਼ਬਦ ਨੂੰ ਗਾਉਂਦੇ ਚਲੇ ਜਾ ਰਹੇ ਸਨ।

***ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥***
***ਚਰਨ ਗਹਉ ਬਕਉ ਸੁਭ ਰਸਨਾ***
***ਦੀਜਹਿ ਪ੍ਰਾਨ ਅਕੋਰਿ ॥੧॥ ਰਹਾਉ ॥***
***ਮਨੁ ਤਨੁ ਨਿਰਮਲ ਕਰਤ ਕਿਆਰੋ***
***ਹਰਿ ਸਿੰਚੈ ਸੁਧਾ ਸੰਜੋਰਿ ॥***
***ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ***
***ਮਹਾ ਬਿਖਿਆ ਤੇ ਤੋਰਿ ॥੧॥***
***ਆਇਓ ਸਰਣਿ ਦੀਨ ਦੁਖ ਭੰਜਨ***
***ਚਿਤਵਉ ਤੁਮ੍ਰਰੀ ਓਰਿ ॥***
***ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ***
***ਪ੍ਰਭ ਨਾਨਕ ਬੰਧਨ ਛੋਰਿ ॥੨॥੫॥੯॥***

*(ਅੰਗ ੭੦੧-੦੨)*

*-ਬਾਕੀ ਹਿੱਸਾ ਅਗਲੇ ਅੰਕ ਵਿੱਚ ਪੜ੍ਹੋ ਜੀ*

---

*ਪੰਨਾ 12 ਦਾ ਬਾਕੀ ਹਿੱਸਾ—*

ਕੋਈ ਨਹੀਂ, ਇਸ ਤੇਰੇ ਘਰਵਾਲੇ ਨੂੰ ਮੈਂ ਆਪਣਾ ਪੁੱਤਰ ਬਣਾਉਂਦਾ ਹਾਂ। ਵੇਖੋ, ਰੱਬ ਜਦੋਂ ਦੇਣ ਤੇ ਆਉਂਦਾ ਹੈ। ਸੰਗਤ ਜੀ, ਅਗਲੀ ਗੱਲ ਪੜ੍ਹ ਕੇ ਹੈਰਾਨ ਹੋਵੋਗੇ। ਦਾਸ ਨੇ ਇੰਟਰਨੈੱਟ ਤੇ ਪੜ੍ਹੀ। ਇੰਟਰਨੈੱਟ ਤੇ ਇੱਥੋਂ ਤੱਕ ਲਿਖਿਆ ਹੈ ਕਿ ਇਸ ਰਜਨੀ ਦੇ ਘਰ ਉਸ ਭਰੋਸੇ ਦੇ ਸਦਕਾ, ਇਸ ਰਜਨੀ ਦੇ ਅੱਗੋਂ ਸੱਤ ਪੁੱਤਰ ਪੈਦਾ ਹੋਏ। ਇੱਥੋਂ ਤੱਕ ਲਿਖਿਆ ਹੈ ਕਿ ਜਿਹੜਾ ਪਹਿਲਾ ਪੁੱਤਰ ਹੈ, ਉਸ ਦਾ ਨਾਂ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਨੇ ਆਪ ਰੱਖਿਆ, ਭਾਈ ਗੁਰਮੁਖ।

ਹੁਣ ਇੱਥੋਂ ਅੰਦਾਜ਼ਾ ਲਗਾ ਲਓ ਕਿ ਜਿਸ ਨੇ ਆਪਣੀ ਡੋਰੀ ਆਪਣੇ ਗੁਰੂ ਤੇ ਸੁੱਟੀ ਹੋਵੇ, ਆਪਣੇ ਪਰਮੇਸ਼ਰ ਤੇ ਸੁੱਟੀ ਹੋਵੇ, ਇਸ ਬੀਬੀ ਰਜਨੀ ਦੇ ਜੀਵਨ ਵਿੱਚੋਂ ਉਹ ਦਰਸ਼ਨ ਹੁੰਦੇ ਹਨ ਕਿ ਪੂਰਨ ਭਰੋਸੇ ਨਾਲ ਤੁਰਨ ਵਾਲਿਆਂ ਉੱਤੇ ਕਿਵੇਂ ਕਿਰਪਾ ਦਾ ਮੀਂਹ ਪੈਂਦਾ ਹੈ ਤੇ ਫਿਰ ਰਹਿਮਤ ਦਾ ਮੀਂਹ ਕਿਵੇਂ ਲੇਖ ਬਦਲਣ ਵਾਲਾ, ਝੋਲੀਆਂ ਭਰਨ ਵਾਲਾ ਤੇ ਲਾਜ ਰੱਖਣ ਵਾਲਾ ਹੈ। ਇਹ ਰਹਿਮਤ ਦਾ ਖਜ਼ਾਨਾ ਦੁਨਿਆਵੀ ਦਾਤਾਂ ਵੀ ਦਿੰਦਾ ਹੈ ਤੇ ਦਰਗਾਹੀ ਦਾਤਾਂ ਨਾਲ ਵੀ ਝੋਲੀਆਂ ਭਰਦਾ ਹੈ। ਇਸ ਅੰਕ ਵਿੱਚ ਉਸ ਭਰੋਸੇ ਵਾਲੀ ਬੀਬੀ, ਬੀਬੀ ਰਜਨੀ ਦੇ ਇਤਿਹਾਸ ਤੇ ਵਿਚਾਰਾਂ ਸਾਂਝੀਆਂ ਹੋਈਆਂ ਹਨ ਜਿਸ ਦਾ ਪਿਤਾ ਜੀ ਉੱਤੇ ਮਾਲਕ, ਗੁਰੂ ਪਰਮੇਸ਼ਰ ਤੇ ਭਰੋਸਾ ਸੀ ਤੇ ਕਿਵੇਂ ਝੋਲੀਆਂ ਭਰੀਆਂ ਹਨ, ਕਿਵੇਂ ਕਿਰਪਾ ਹੋਈ ਹੈ, ਰਹਿਮਤਾਂ ਹੋਈਆਂ ਹਨ। ਪੜ੍ਹੋ ਜੀ ਇੱਕ ਵਾਰੀ ਪਿਆਰ ਨਾਲ ਫਿਰ ਸਮਾਪਤੀ ਹੈ ਜੀ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

*—ਭਾਈ ਪਾਲ ਸਿੰਘ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਨੌਵੇਂ ਪਾਤਸ਼ਾਹ ਜੀ ਦਾ ਬਾਈਵਾਂ ਸਲੋਕ :***

***ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥***
***ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ॥੨੨॥***

*(ਅੰਗ ੧੪੨੭)*

ਜੋ ਪੁਰਸ਼ ਮਮਤਾ ਨੂੰ ਤਿਆਗ ਕਰਕੇ ਲੋਭ ਮੋਹ ਤੇ ਹੰਕਾਰ ਨੂੰ ਵੀ ਤਿਆਗ ਦੇਵੇ, ਉਹ ਆਪ ਭੀ ਤਰਦਾ ਹੈ ਅਤੇ ਹੋਰਨਾਂ ਨੂੰ ਵੀ ਤਾਰ ਲੈਂਦਾ ਹੈ।

ਬੰਦੇ ਦਾ ਇੱਥੇ ਇੱਕ ਖਿੰਨ ਦਾ ਭਰੋਸਾ ਨਹੀਂ ਕਿ ਕੀ ਕਲਾ ਵਰਤ ਜਾਵੇ। ਜਿਵੇਂ ਇੱਕ ਖਿੰਨ ਦੇ ਲਈ ਜੁਗਨੂੰ ਚਮਕਦੇ ਹਨ ਤੇ ਅਗਲੇ ਹੀ ਖਿੰਨ ਹਨ੍ਹੇਰੇ ਵਿੱਚ ਅਲੋਪ ਹੋ ਜਾਂਦੇ ਹਨ। ਖਿੰਨ ਮਾਤਰ ਸਮੇਂ ਦੇ ਲਈ ਅਕਾਸ਼ ਵਿੱਚ ਬਿਜਲੀ ਚਮਕ ਕੇ ਫਿਰ ਕਾਲੀਆਂ ਘਟਾਵਾਂ ਵਿੱਚ ਅਲੋਪ ਹੋ ਜਾਂਦੀ ਹੈ। ਬੰਦਾ ਮਮਤਾ ਵਿੱਚ ਫਸ ਕੇ ਆਖੀ ਜਾ ਰਿਹਾ ਹੈ ਕਿ ਇਹ ਮੇਰੀ ਇਸਤਰੀ ਹੈ, ਇਹ ਮੇਰਾ ਪੁੱਤਰ ਹੈ ਪਰ ਨਾਮ ਤੋਂ ਸੱਖਣਾ ਰਹਿ ਕੇ ਇਸ ਸਰੀਰ ਦਾ ਕੋਈ ਮੁੱਲ ਨਹੀਂ ਤੇ ਇਹ ਵਿਅਰਥ ਹੀ ਚਲਾ ਜਾਵੇਗਾ।

***ਮੇਰੀ ਮੇਰੀ ਕਿਆ ਕਰਹਿ ਪੁਤ੍ਰ ਕਲਤ੍ਰ ਸਨੇਹ ॥***
***ਨਾਨਕ ਨਾਮ ਵਿਹੂਣੀਆ ਨਿਮੁਣੀਆਦੀ ਦੇਹ ॥੩॥***

*(ਅੰਗ ੧੧੦੧)*

ਵੇਖੋ, ਜਿਸ ਰਾਵਣ ਨੇ ਸੋਨੇ ਦੇ ਕਿਲ੍ਹੇ ਬਣਵਾਏ ਉਹ ਵੀ ਕਿਲ੍ਹੇ ਇੱਥੇ ਹੀ ਛੱਡ ਗਿਆ।

***ਜਿਨਿ ਗੜ ਕੋਟ ਕੀਏ ਕੰਚਨ ਕੇ***
***ਛੋਡਿ ਗਇਆ ਸੋ ਰਾਵਨੁ ॥੧॥***

*(ਅੰਗ ੧੧੫੪)*

ਸਤਿਗੁਰੂ ਜੀ ਕਹਿੰਦੇ ਹਨ ਹੇ ਮਿੱਤਰੋ! ਸਾਰੇ ਸੁਣ ਲਓ ਇਹ ਸਾਰਾ ਜਗਤ ਖਿਲਾਰਾ ਨਾਸ਼ਵੰਤ ਹੈ ਜਿਹੜੇ ਮੂਰਖ ਨਿੱਤ ਇਹ ਆਖਦੇ ਹਨ ਕਿ ਇਹ ਮੇਰੀ ਮਾਇਆ, ਇਹ ਮੇਰੀ ਜਾਇਦਾਦ ਉਹ ਮਮਤਾ ਦੇ ਸਮੁੰਦਰ ਵਿੱਚ ਡੁੱਬ ਰਹੇ ਹਨ।

***ਮੇਰੀ ਮੇਰੀ ਕਰਿ ਕਰਿ ਡੂਬੇ ਖਪਿ ਖਪਿ ਮੁਏ ਗਵਾਰਾ ॥***

*(ਅੰਗ ੩੯੦)*

ਧੰਨ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਜੀ ਆਖਦੇ ਹਨ ਕਿ ਜਿਹੜੇ ਬੰਦੇ ਇਹੀ ਆਖਦੇ-ਆਖਦੇ ਜਗਤ ਤੋਂ ਚਲੇ ਗਏ ਕਿ ਇਹ ਮੇਰੀ ਮਾਇਆ ਹੈ, ਇਹ ਮੇਰੀ ਮਲਕੀਅਤ ਹੈ, ਉਨ੍ਹਾਂ ਦੇ ਹੱਥ ਪੱਲੇ ਕੁਝ ਭੀ ਨਾਂਹ ਪਿਆ, ਮੰਦੇ ਭਾਗਾਂ ਵਾਲਿਆਂ ਨੂੰ ਪਰਮਾਤਮਾ ਦੇ ਚਰਨਾਂ ਵਿੱਚ ਟਿਕਾਣਾ ਨਹੀਂ ਮਿਲਦਾ, ਉਹ ਦੁਨੀਆਂ ਤੇ ਹੱਥ ਮਲਦੇ ਜਾਂਦੇ ਹਨ।

***ਮੇਰੀ ਮੇਰੀ ਕਰਿ ਗਏ ਪਲੈ ਕਿਛੁ ਨ ਪਾਇ ॥***
***ਮਹਲੁ ਨਾਹੀ ਡੋਹਾਗਣੀ ਅੰਤਿ ਗਈ ਪਛੁਤਾਇ ॥੭॥***

*(ਅੰਗ ੪੨੯)*

ਇਹ ਘਰ-ਬਾਰ ਧਨ ਪਦਾਰਥ ਮੇਰਾ ਹੈ। ਇਹ ਖਿਆਲ ਝੂਠ ਹੈ ਜਿਵੇਂ ਕਿਸੇ ਨੇ ਚਿਰਗਟ (ਪਿੰਜਰਾ) ਵਿੱਚ ਚਿਟਾਰਾ (ਚਿੜਾ) ਰੱਖਿਆ ਹੋਵੇ ਉਸ ਪਿੰਜਰੇ ਵਿੱਚ ਪੰਛੀ ਲਈ ਪਾਨੀ ਪੀਣ ਵਾਲੀ ਕੁੱਜੀ ਤੇ ਦਾਣੇ ਲਈ ਠੂਠੀ ਰੱਖੀ ਹੋਵੇ ਪਰ ਜੇ ਪਿੰਜਰੇ ਨੂੰ ਪਾੜ ਕੇ ਕੋਈ ਬਿੱਲਾ ਚਿੜੇ ਨੂੰ ਫੜ੍ਹ ਕੇ ਲੈ ਜਾਵੇ ਤਾਂ ਪਿੰਜਰੇ ਵਿੱਚ ਪੰਛੀ ਦੀ ਕੁਜੀ ਤੇ ਠੂਠੀ ਧਰੀ ਹੀ ਰਹਿ ਜਾਂਦੀ ਹੈ। ਇਸੇ ਤਰ੍ਹਾਂ ਮੌਤ ਆਉਣ ਤੇ ਬੰਦੇ ਦੇ ਖਾਣ ਪੀਣ ਵਾਲੇ ਪਦਾਰਥ ਇੱਥੇ ਹੀ ਧਰੇ ਰਹਿ ਜਾਂਦੇ ਹਨ।

***ਕਹੈ ਕਬੀਰੁ ਸੁਨਹੁ ਰੇ ਸੰਤਹੁ ਮੇਰੀ ਮੇਰੀ ਝੂਠੀ ॥***
***ਚਿਰਗਟ ਫਾਰਿ ਚਟਾਰਾ ਲੈ ਗਇਓ***
***ਤਰੀ ਤਾਗਰੀ ਛੂਟੀ ॥੫॥੩॥੧੬॥***

*(ਅੰਗ ੪੮੦)*

ਅੱਗੇ ਸਤਿਗੁਰੂ ਜੀ ਨੇ ਲੋਭ ਦੀ ਗੱਲ ਕੀਤੀ ਹੈ। ਲੋਭ ਮਨੁੱਖ ਦੇ ਸ਼ੁਭ ਗੁਣਾਂ ਨੂੰ ਵੀ ਕੱਜ ਲੈਂਦਾ ਹੈ। ਕੋਈ ਚੰਗਾ ਵਿਦਵਾਨ ਹੈ, ਗੁਣੀ ਹੈ, ਗਿਆਨੀ ਹੈ, ਗਲਾ ਸੁਰੀਲਾ ਹੈ। ਬੁਲਾਰਾ ਚੰਗਾ ਹੈ, ਸਰੋਤਿਆਂ ਨੂੰ ਕੀਲ ਲੈਂਦਾ ਹੈ। ਇਸ ਤਰ੍ਹਾਂ ਸਾਰੇ ਗੁਣ ਕਹਿ ਕੇ, ਅਖੀਰ ਸਾਰਿਆਂ ਗੁਣਾਂ ਤੇ ਚਾਦਰ ਪਾ ਦਿੱਤੀ ਜਾਂਦੀ ਹੈ ਕਿ ਲਾਲਚੀ ਬਹੁਤ ਹੈ ਲੋਭ ਨੇ ਚੰਗੇ ਗੁਣਾਂ ਦਾ ਇਸ ਤਰ੍ਹਾਂ ਨਾਸ਼ ਕਰ ਦਿੱਤਾ ਜਿਵੇਂ ਬੂਰ ਪਾਣੀ ਦਾ ਸਵਾਦ ਨਾਸ਼ ਕਰ ਦਿੰਦਾ ਹੈ।

***ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ ॥***

*(ਅੰਗ ੯੬੭)*

ਤੀਜੀ ਗੱਲ ਮੋਹ ਦੀ ਕੀਤੀ ਹੈ। ਮੋਹ ਕਰਕੇ ਹੀ ਮਾਤਾ ਪੁੱਤਰ ਨੂੰ ਪਾਲਦੀ ਹੈ, ਮੋਹ ਕਰਕੇ ਪਿਤਾ ਪੁੱਤਰ ਨੂੰ ਪੜ੍ਹਾ ਕੇ ਕਈ ਪ੍ਰਕਾਰ ਦੇ ਕੰਮਾਂ ਦੇ ਲਾਇਕ ਬਣਾਉਂਦਾ ਹੈ ਪਰ ਜੋ ਨਿਰੰਕਾਰ ਨੂੰ ਭੁਲਾ ਕੇ

***ਦਾਤਿ ਪਿਆਰੀ ਵਿਸਰਿਆ ਦਾਤਾਰਾ ॥***

*(ਅੰਗ ੬੭੬)*

ਉਸ ਦੀਆਂ ਦਿੱਤੀਆਂ ਦਾਤਾਂ ਵਿੱਚ ਰੁਝ ਕੇ ਪ੍ਰਭੂ ਨੂੰ ਭੁਲਾ ਲੈਂਦੇ ਹਨ ਉਹ ਮੋਹ ਦੀਆਂ ਚੋਟਾਂ ਦਿਨੇ ਰਾਤ ਖਾ ਕੇ ਦੁਖੀ ਹੁੰਦੇ ਹਨ ਇਸੇ ਲਈ ਸਤਿਗੁਰੂ ਜੀ ਨੇ ਮੋਹ ਨੂੰ ਪੰਕਜੁ (ਚਿੱਕੜ) ਰੂਪ ਦੱਸਿਆ ਹੈ।

***ਪੰਕਜੁ ਮੋਹ ਪਗੁ ਨਹੀ ਚਾਲੈ***
***ਹਮ ਦੇਖਾ ਤਹ ਡੂਬੀਅਲੇ ॥੧॥***

*(ਅੰਗ ੧੨)*

ਪੰਜਵੇਂ ਪਾਤਸ਼ਾਹ ਜੀ ਆਖਦੇ ਹਨ ਹੇ ਨਾ ਜਿੱਤੇ ਜਾਣ ਵਾਲੇ ਮੋਹ ਤੂੰ ਯੁੱਧ ਦਾ ਸੂਰਮਾ ਹੈ ਤੂੰ ਅਨੇਕਾਂ ਮਹਾਂ ਬਲੀਆਂ ਨੂੰ ਮਲ ਦੇਣ ਵਾਲਾ ਹੈ। ਗਣ, ਗੰਧਰਬ, ਦੇਵਤੇ, ਮਨੁੱਖ, ਪਸ਼ੂ, ਪੰਛੀ ਇਨ੍ਹਾਂ ਸਭਨਾਂ ਨੂੰ ਮੋਹ ਲੈਣ ਵਾਲਾ ਹੈ।

***ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ ॥***
***ਗਣ ਗੰਧਰਬ ਦੇਵ ਮਾਨੁਖੵੰ ਪਸੁ ਪੰਖੀ ਬਿਮੋਹਨਹ ॥***

*(ਅੰਗ ੧੩੫੮)*

ਜੰਗਲ ਵਿੱਚ ਇੱਕ ਕਪੋਤਿ (ਕਬੂਤਰ) ਰਹਿੰਦਾ ਸੀ। ਬੜਾ ਸਿੱਧਾ-ਸਾਦਾ ਸੁਭਾਅ ਕਿਸੀ ਨਾਲ ਜ਼ਿਆਦਾ ਸੰਬੰਧ ਨਹੀਂ ਸੀ ਰੱਖਦਾ ਅਤੀਤਪੁਣੇ ਵਿੱਚ ਸਮਾਂ ਬਿਤਾਨਾ ਚੰਗਾ ਸਮਝਦਾ ਸੀ। ਬਸ ਇੱਕ ਛੋਟਾ ਜਿਹਾ ਆਲ੍ਹਣਾ ਬਣਾ ਕੇ ਉਸ ਵਿੱਚ ਰਿਹਾ ਕਰੇ।

ਇੱਕ ਦਿਨ ਸਰਦੀ ਦੀ ਰੁੱਤ ਉੱਪਰੋ ਮੀਂਹ ਪੈ ਗਿਆ। ਇੱਕ ਵਿਚਾਰੀ ਕਬੂਤਰੀ ਠੰਡ ਨਾਲ ਕੰਬਦੀ ਹੋਈ ਉਸ ਦੇ ਦੁਆਰੇ ਆ ਆਖਣ ਲੱਗੀ, "ਮੈਂ ਸਰਦੀ ਦਾ ਸਮਾਂ ਬਤੀਤ ਕਰਨਾ ਹੈ। ਇਸ ਤੇ ਮੈਨੂੰ ਠਹਿਰਨ ਦੀ ਇਜਾਜ਼ਤ ਮਿਲੇ। ਕਬੂਤਰ ਨੇ ਜਵਾਬ ਦੇ ਦਿੱਤਾ। ਉਸ ਵਿਚਾਰੀ ਨੇ ਬਹੁਤ ਜ਼ਿਆਦਾ ਮਿੰਨਤ ਕੀਤੀ ਤਾਂ ਕਬੂਤਰ ਮੰਨ ਗਿਆ। ਹੁਣ ਦੋਵੇਂ ਮੋਹ ਪਿਆਰ ਵਿੱਚ ਦਿਨ ਬਤੀਤ ਕਰਨ ਲੱਗ ਪਏ ਤੇ ਅਗਾਂਹ ਪਰਿਵਾਰ ਹੋਇਆ ਬੱਚੇ ਪੈਦਾ

ਹੋ ਗਏ।

ਇੱਕ ਦਿਨ ਦੋਵੇਂ ਬੱਚਿਆਂ ਲਈ ਚੋਗਾ ਲੈ ਕੇ ਆਏ ਤਾਂ ਕੀ ਵੇਖਿਆ, ਅਸਾਡੇ ਬੱਚੇ ਜਾਲ ਵਿੱਚ ਫਸੇ ਹੋਏ ਹਨ। ਹੁਣ ਇਨ੍ਹਾਂ ਦੇ ਦਿਲ ਅੰਦਰ ਮੋਹ ਦੀ ਲਾਟ ਫੁੱਟੀ, ਬੱਚਿਆ ਵੱਲ ਵੇਖ ਕੇ ਕਬੂਤਰੀ ਵੀ ਜਾਲ ਵਿੱਚ ਜਾ ਫਸੀ ਤੇ ਮਗਰੋਂ ਕਪੋਤਿ (ਕਬੂਤਰ) ਵੀ ਸ਼ਿਕਾਰੀ ਦੇ ਜਾਲ ਵਿੱਚ ਫਸ ਗਿਆ। ਸ਼ਿਕਾਰੀ ਸਾਰਿਆਂ ਨੂੰ ਬੰਨ੍ਹ ਕੇ ਲੈ ਤੁਰਿਆ। ਇਸੇ ਤਰ੍ਹਾਂ ਜੀਵ ਵੀ ਮੋਹ 'ਚ ਆ ਕੇ ਆਪਣੇ ਆਪ ਨੂੰ ਬੰਨ੍ਹਾ ਲੈਂਦਾ ਹੈ।

***ਜਿਉ ਪੰਖੀ ਕਪੋਤਿ ਆਪੁ ਬਨ੍ਹਾਇਆ ਮੇਰੀ ਜਿੰਦੁੜੀਏ***
***ਤਿਉ ਮਨਮੁਖ ਸਭਿ ਵਸਿ ਕਾਲੇ ਰਾਮ ॥***
***ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ***
***ਸੇ ਮਨਮੁਖ ਮੂੜ ਬਿਤਾਲੇ ਰਾਮ ॥***

***(ਅੰਗ ੫੩੮)***

ਇਸ ਮੋਹ ਤੋ ਬਚਣ ਦਾ ਗੁਰੂ ਜੀ ਨੇ ਢੰਗ ਵੀ ਦੱਸਿਆ ਹੈ ਕਿ ਸਾਧ ਸੰਗਤ ਵਿੱਚ ਜਾਣ ਕਰਕੇ ਜੀਵ ਇਸ ਮੋਹ ਤੋਂ ਬਚ ਸਕਦਾ ਹੈ।

***ਹਉਮੈ ਮਮਤਾ ਮੋਹੁ ਛੁਟਾ ਜਾ ਸੰਗਿ ਮਿਲਿਆ ਸਾਧੇ ॥***

***(ਅੰਗ ੫੪੨)***

ਚੌਥਾ ਸਤਿਗੁਰੂ ਜੀ ਨੇ ਅਹੰਕਾਰ ਛੱਡਣ ਦੀ ਗੱਲ ਕੀਤੀ ਹੈ ਕਿਉਂਕਿ ਅਹੰਕਾਰ ਜੀਵ ਨੂੰ ਉੱਚੀ ਪਦਵੀ ਤੋਂ ਡੇਗ ਕੇ, ਨੀਵੇਂ ਥਾਂ ਸੁੱਟ ਦਿੰਦਾ ਹੈ। ਨਿਰੰਕਾਰ ਨੂੰ ਅਹੰਕਾਰ ਚੰਗਾ ਨਹੀਂ ਲੱਗਦਾ।

***ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥***

***(ਅੰਗ ੧੦੮੯)***

ਜਦੋਂ ਹੰਕਾਰੀ ਬ੍ਰਹਮਣਾਂ ਨੇ ਭਗਤ ਨਾਮਦੇਵ ਜੀ ਨੂੰ ਦੇਹੁਰੇ ਦੇ ਬੂਹੇ ਅੱਗੇ ਭਗਤੀ ਕਰਦਿਆਂ ਨੂੰ ਧੱਕੇ ਮਾਰ ਕੇ ਪਿੱਛੇ ਸੁੱਟ ਦਿੱਤਾ ਸੀ ਤਾਂ ਵਾਹਿਗੁਰੂ ਨੇ ਅਹੰਕਾਰੀਆਂ ਵੱਲ ਪਿੱਠ ਕਰਕੇ ਭਗਤ ਨਾਮਦੇਵ ਜੀ ਵੱਲ ਦੇਹੁਰੇ ਦਾ ਮੁੱਖ ਕਰ ਦਿੱਤਾ ਸੀ।

***ਅਹੰਕਾਰੀਆ ਨਿੰਦਕਾ ਪਿਠਿ ਦੇਇ***
***ਨਾਮਦੇਉ ਮੁਖਿ ਲਾਇਆ ॥***

***(ਅੰਗ ੪੫੧)***

ਇਸ ਲਈ ਲੋਭ, ਮੋਹ, ਅਹੰਕਾਰ ਅਤੇ ਮੈਂ ਮੇਰੀ ਤੋਂ ਬਚਨ ਲਈ ਸਤਿਸੰਗ ਬਹੁਤ ਜ਼ਰੂਰੀ ਹੈ। ਇਸ ਮਮਤਾ ਦਾ ਜਨਮ ਲੋਭ, ਮੋਹ, ਅਹੰਕਾਰ ਵਿੱਚੋਂ ਹੁੰਦਾ ਹੈ ਪਰ ਜਿਹੜੇ ਮਹਾਂਪੁਰਖ ਜ਼ਿੰਦਗੀ ਵਿੱਚ ਸਾਡਾ ਉਧਾਰ ਕਰਨ ਆਉਂਦੇ ਹਨ ਉਨ੍ਹਾਂ ਨੇ ਇਸ ਨੂੰ ਤਿਆਗਿਆ ਹੁੰਦਾ ਹੈ। ਪੂਰਨ ਸੰਤਾਂ ਦੇ ਦਰਸ਼ਨ ਕਰਨ ਨਾਲ ਹੀ ਜਨਮਾਂ ਜਨਮਾਂਤਰਾਂ ਦੇ ਪਾਪ ਧੋਤੇ ਜਾਂਦੇ ਹਨ।

ਜਨਮ ਸਾਖੀ ਧੰਨ ਧੰਨ ਬਾਬਾ ਨੰਦ ਸਿੰਘ ਜੀ ਵਿੱਚ ਲਿਖਿਆ ਹੈ ਕਿ ਇੱਕ ਗਰੀਬ ਕਾਰੀਗਰ ਬਾਬਾ ਨੰਦ ਸਿੰਘ ਜੀ ਲਈ ਲੋਹੇ ਦਾ ਗੜਵਾ ਬਣਾ ਕੇ ਲਿਆਇਆ। ਬਾਬਾ ਜੀ ਨੇ ਗੜਵਾ ਹੱਥ ਵਿੱਚ ਫੜ ਕੇ ਫਿਰ ਪੁੱਛਿਆ, "ਦੱਸ ਇਹਦਾ ਕੀ ਦਈਏ?" ਅੱਗੋਂ ਹੱਥ ਜੋੜ ਕੇ ਗਰੀਬ ਮਿਸਤਰੀ ਸਿੰਘ ਨੇ ਬੇਨਤੀ ਕੀਤੀ ਕਿ ਬਾਬਾ ਜੀ ਮੇਰਾ ਉਧਾਰ ਕਰ ਦਿਓ। ਬਾਬਾ ਜੀ ਦੇ ਮੁਖਾਰਬਿੰਦ ਵਿੱਚੋਂ ਬਚਨ ਨਿਕਲੇ ਕੋਈ ਹੋਰ ਕੰਮ ਦੀ ਗੱਲ ਕਰ, ਉਧਾਰ ਤਾਂ ਸਾਡੇ ਨਿੰਦਕਾਂ ਦਾ ਵੀ ਹੋ ਜਾਵੇਗਾ ਉਹ ਸਾਨੂੰ ਯਾਦ ਤਾਂ ਕਰਦੇ ਹਨ।

ਇਸ ਲਈ ਧੰਨ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਆਖਦੇ ਹਨ ਜੋ ਪੁਰਸ਼ ਮੈ ਮੇਰੀ ਨੂੰ ਤਿਆਗ ਕਰਕੇ ਲੋਭ ਮੋਹ ਤੇ ਅਹੰਕਾਰ ਨੂੰ ਵੀ ਤਿਆਗ ਦੇਵੇ ਉਹ ਆਪ ਭੀ ਤਰਦਾ ਹੈ ਅਤੇ ਹੋਰਨਾਂ ਨੂੰ ਵੀ ਤਾਰ ਲੈਂਦਾ ਹੈ।

***—ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ***

❂❂❂

# ਸਵਾਲ ਜਵਾਬ

# ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ 'ਸਿਫਤਿ ਸਾਲਾਹ ਰਸਾਲੇ' ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਸੰਗਤਾਂ ਵੱਲੋਂ ਭਾਈ ਸਾਹਿਬ ਜੀ ਨੂੰ ਸਮੇਂ-ਸਮੇਂ ਤੇ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਦਿੱਤੇ ਜਾਂਦੇ ਹਨ। ਇਸੇ ਕਾਲਮ ਦੀ ਲੜੀ ਨੂੰ ਅੱਗੇ ਤੋਰਦਿਆਂ ਹੱਥਲੇ ਅੰਕ ਤੋਂ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਜੀ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀਂ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਕਰਨ ਦੀ ਪ੍ਰੇਰਨਾ ਦਿੰਦੇ ਹਨ।

11. **ਸਵਾਲ: ਸਤਿਕਾਰਯੋਗ ਵੀਰ ਜੀ, ਕਈ ਵਾਰ ਦੇਖਣ ਵਿੱਚ ਆਉਂਦਾ ਹੈ ਕਿ ਜੇ ਕਿਸੇ ਦੁਕਾਨਦਾਰ ਦਾ ਕੰਮ ਵਧੀਆ ਚੱਲ ਰਿਹਾ ਹੈ ਅਤੇ ਉਸ ਦੇ ਬਰਾਬਰ 'ਤੇ ਕੋਈ ਹੋਰ ਦੁਕਾਨਦਾਰ ਉਹੀ ਵਰਾਇਟੀ ਰੱਖ ਕੇ ਦੁਕਾਨ ਪਾ ਲਵੇ ਤਾਂ ਪਹਿਲਾ ਦੁਕਾਨਦਾਰ ਕੰਮ ਘੱਟਣ ਕਾਰਨ ਇਹ ਅਰਦਾਸਾਂ ਕਰਨ ਲੱਗ ਜਾਂਦਾ ਹੈ ਕਿ ਵਾਹਿਗੁਰੂ ਜੀ, ਇਸ ਨੇ ਮੇਰੇ ਬਰਾਬਰ ਦੁਕਾਨ ਪਾ ਲਈ ਹੈ। ਕਿਰਪਾ ਕਰੋ, ਇਸ ਦੁਕਾਨਦਾਰ ਦਾ ਕੰਮ ਘੱਟ ਜਾਵੇ, ਇਹ ਸੜਕ 'ਤੇ ਆ ਜਾਵੇ ਤੇ ਇਸ ਨੂੰ ਮੈਂ ਰੁਲਦਾ ਦੇਖਾਂ। ਕੀ ਅਜਿਹੀ ਅਰਦਾਸ ਪ੍ਰਵਾਨ ਹੁੰਦੀ ਹੈ?**

**ਜਵਾਬ:** ਗੁਰਸਿੱਖ ਕਿਸੇ ਦਾ ਬੁਰਾ ਨਹੀਂ ਮੰਗਦਾ ਸਗੋਂ ਸਰਬੱਤ ਦਾ ਭਲਾ ਮੰਗਦਾ ਹੈ। ਗੁਰਸਿੱਖ ਹਮੇਸ਼ਾਂ ਅਰਦਾਸ ਵਿੱਚ ਕਹਿੰਦਾ ਹੈ- ***ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬੱਤ ਦਾ ਭਲਾ।*** ਜਦ ਤੁਸੀਂ ਕਿਸੇ ਦਾ ਬੁਰਾ (ਗੁਰਬਾਣੀ ਦਾ ਬੈਨ ਲਗਾ ਕੇ) ਮੰਗਦੇ ਹੋ ਤਾਂ ਧੰਨ ਗੁਰੂ ਨਾਨਕ ਮਹਾਰਾਜ ਜੀ ਕਦੀ ਵੀ ਖੁਸ਼ ਨਹੀਂ ਹੁੰਦੇ। ਗੁਰੂ ਸਾਹਿਬ ਹਮੇਸ਼ਾਂ ਜਾਇਜ਼ ਮੰਗ ਪੂਰੀ ਕਰਦੇ ਹਨ। ਬੁਰਾ ਮੰਗਣਾ ਜਾਇਜ਼ ਨਹੀਂ ਹੈ, ਜੇਕਰ ਅਸੀਂ ਕਿਸੇ ਦਾ ਬੁਰਾ ਮੰਗਦੇ ਹਾਂ ਤਾਂ ਗੁਰੂ ਸਾਹਿਬ ਇਸ ਦੀ ਬਜਾਏ ਸਾਡੇ ਅੰਦਰੋਂ ਬੁਰਾ ਮੰਗਣ ਦੇ ਖਿਆਲ ਨੂੰ ਮਿਟਾ ਦਿੰਦੇ ਹਨ। ਇਸ ਕਰਕੇ ਗੁਰੂ ਸਾਹਿਬ ਆਖਦੇ ਹਨ:

***ਪਰ ਕਾ ਬੁਰਾ ਨ ਰਾਖਹੁ ਚੀਤ ॥***
***ਤੁਮ ਕਉ ਦੁਖੁ ਨਹੀ ਭਾਈ ਮੀਤ ॥੩॥***

***(ਅੰਗ ੩੮੬)***

ਜਦ ਤੁਸੀਂ ਦੂਸਰੇ ਦਾ ਭਲਾ ਮੰਗ ਕੇ ਆਪਣੀ ਬੇਨਤੀ ਕਰਦੇ ਹੋ ਤਾਂ ਵਾਹਿਗੁਰੂ ਜੀ ਉਸ ਦੇ ਸਦਕੇ ਤੁਹਾਡੇ 'ਤੇ ਵੀ ਕਿਰਪਾ ਕਰਨਗੇ।

❂❂❂

# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਰਾਤ ਕਿੱਥੋਂ ਚੱਲੀ ਤੇ ਕੈਸੀ ਸੀ?

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ

—ਜਸਵਿੰਦਰ ਸਿੰਘ
(ਪਟਿਆਲਾ)

(VCD 122)

*ਆਸਾ ॥*
*ਤਨੁ ਰੈਨੀ ਮਨੁ ਪੁਨ ਰਪਿ*
*ਕਰਿ ਹਉ ਪਾਚਉ ਤਤ ਬਰਾਤੀ ॥*
*ਰਾਮ ਰਾਇ ਸਿਉ ਭਾਵਰਿ ਲੈਹਉ*
*ਆਤਮ ਤਿਹ ਰੰਗਿ ਰਾਤੀ ॥੧॥*
*ਗਾਉ ਗਾਉ ਰੀ ਦੁਲਹਨੀ ਮੰਗਲਚਾਰਾ ॥*
*ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ ॥੧॥ ਰਹਾਉ ॥*
*ਨਾਭਿ ਕਮਲ ਮਹਿ ਬੇਦੀ ਰਚਿ ਲੇ*
*ਬ੍ਰਹਮ ਗਿਆਨ ਉਚਾਰਾ ॥*
*ਰਾਮ ਰਾਇ ਸੋ ਦੂਲਹੁ ਪਾਇਓ*
*ਅਸ ਬਡਭਾਗ ਹਮਾਰਾ ॥੨॥*
*ਸੁਰਿ ਨਰ ਮੁਨਿ ਜਨ ਕਉਤਕ ਆਏ*
*ਕੋਟਿ ਤੇਤੀਸ ਉਜਾਨਾਂ ॥*
*ਕਹਿ ਕਬੀਰ ਮੋਹਿ ਬਿਆਹਿ ਚਲੇ ਹੈ*
*ਪੁਰਖ ਏਕ ਭਗਵਾਨਾ ॥੩॥੨॥੨੪॥*

*(ਅੰਗ ੪੮੨)*

ਬਾਬਾ ਜੀ ਦੇ ਪਿਆਰ ਵਿੱਚ ਸਾਰੀਆਂ ਸੰਗਤਾਂ ਗਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ ਜੀ।

ਹਰ ਸਾਲ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਵਿਆਹ ਪੁਰਬ ਸਮੂਹ ਸੰਗਤਾਂ ਵੱਲੋਂ ਬੜੇ ਹੀ ਚਾਅ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਹੁਣ ਕੋਈ ਤੁਹਾਡੇ ਵਿੱਚੋਂ ਕੀਰਤਨ ਸੁਣ ਰਿਹਾ ਹੈ ਜਾਂ ਗਾ ਰਿਹਾ ਹੈ, ਇਸ ਮਨਸ਼ਾ ਨਾਲ ਸੁਣਨਾ ਤੇ ਗਾਉਣਾ ਕਿ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੁਹਾਡੀ ਖੁਸ਼ੀ ਸਾਡੀ ਝੋਲੀ ਵਿੱਚ ਪੈ ਜਾਵੇ। ਜਿਵੇਂ ਸਾਡੇ ਘਰ ਵਿਆਹ ਹੋਵੇ, ਕੁਝ ਵੰਡਦੇ ਹਾਂ। ਆਓ, ਬਾਬਾ ਜੀ ਦਾ ਵਿਆਹ ਪੁਰਬ ਇਸ ਤਰ੍ਹਾਂ ਮਨਾਈਏ ਕਿ ਅਸੀਂ ਬਾਬਾ ਜੀ ਦੀ ਖੁਸ਼ੀ ਲੈਣੀ ਹੈ। ਮਾਤਾ ਸੁਲੱਖਣੀ ਜੀ, ਬਾਬਾ ਜੀ ਦੇ ਘਰੋਂ, ਸਾਡੇ ਮਾਤਾ ਜੀ, ਕੀ ਗਾ ਰਹੇ ਹੋਣਗੇ, ਉਸ ਸਮੇਂ:

*ਗਾਉ ਗਾਉ ਰੀ ਦੁਲਹਨੀ ਮੰਗਲਚਾਰਾ ॥*

*(ਅੰਗ ੪੮੨)*

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਹੁਰਾ ਸਾਹਿਬ ਜੀ ਦਾ ਨਾਂ ਮੂਲ ਚੰਦ ਸੀ। ਖੱਤਰੀ ਸਨ। ਚੰਗੇ ਤਕੜੇ ਸਨ, ਮਾਇਆ ਵੱਲੋਂ, ਜ਼ਮੀਨਾਂ ਵੱਲੋਂ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸੱਸ ਮਾਤਾ ਜੀ ਦਾ ਨਾਂ ਚੰਦੋ ਰਾਣੀ ਸੀ। ਜਿਨ੍ਹਾਂ ਨੇ ਬਾਬਾ ਜੀ ਦਾ ਰਿਸ਼ਤਾ ਕਰਵਾਇਆ ਹੈ, ਉਨ੍ਹਾਂ ਦਾ ਨਾਂ ਭਾਈਆ ਪਰਮਾਨੰਦ ਸੀ। ਕਿਤੇ ਪੁਰਾਣੇ ਬੰਦੇ ਬੈਠੇ ਹੋਣ, ਭਾਈਆ ਜੀ ਕਹਿੰਦੇ ਹਨ, ਭੈਣ ਦੇ ਘਰ ਵਾਲੇ ਨੂੰ। ਹੁਣ ਅਸੀਂ ਕਹਿੰਦੇ ਹਾਂ ਜੀਜਾ ਜੀ। ਬੇਬੇ ਨਾਨਕੀ ਜੀ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਭੈਣ ਜੀ ਤੇ ਉਨ੍ਹਾਂ ਦਾ ਘਰਵਾਲਾ ਭਾਈਆ ਜੈ ਰਾਮ ਜੀ। ਪੁਰਾਣੀ ਬੋਲੀ ਵਿੱਚ ਜੀਜੇ

ਨੂੰ ਭਾਈਆ ਕਹਿੰਦੇ ਹਨ ਤੇ ਭਾਈਆ ਜੈ ਰਾਮ ਜੀ ਦੇ ਪਿਤਾ ਜੀ ਭਾਈਆ ਪਰਮਾਨੰਦ ਜੀ ਸਨ। ਉਨ੍ਹਾਂ ਨੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਰਿਸ਼ਤਾ ਕਰਵਾਇਆ। ਇਹ ਸਮਾਂ ਲਿਆਉਂਦਾ :

***ਗਾਉ ਗਾਉ ਰੀ ਦੁਲਹਨੀ ਮੰਗਲਚਾਰਾ ॥***

*(ਅੰਗ ੪੮੨)*

ਬਾਬਾ ਜੀ ਦੀ ਬਰਾਤ ਦੋ ਜਗ੍ਹਾ ਤੋਂ ਚਲੀ ਹੈ। ਦੋ ਜਗ੍ਹਾ ਦਾ ਇਹ ਮਤਲਬ ਨਾ ਲਓ, ਦੋ ਜਗ੍ਹਾ ਤੋਂ ਤੁਰੀ ਹੈ। ਕਵੀ ਭਾਈ ਸੰਤੋਖ ਜੀ ਨੇ ਲਿਖਿਆ ਹੈ, ਬਾਬਾ ਜੀ ਦੀ ਬਰਾਤ ਚਲੀ ਹੈ, ਸ੍ਰੀ ਨਨਕਾਣਾ ਸਾਹਿਬ ਤੋਂ। ਰਾਏ ਬੁਲਾਰ ਜੀ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਆਸ਼ਕ, ਦੀਵਾਨੇ ਉਹ ਕਹਿਣ ਲੱਗੇ ਕਿ ਮੇਰੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਰਾਤ ਜਾਵੇ, ਉਹ ਕਨਾਤਾਂ, ਉਹ ਤੰਬੂ ਲੱਗਣੇ ਨਹੀਂ ਚਾਹੀਦੇ ਜਿਹੜੇ ਪਹਿਲਾਂ ਜੂਠੇ ਹੋਏ ਹੋਣ। ਬੜਾ ਪਿਆਰ ਸੀ। ਸੁੱਚੀਆਂ ਕਨਾਤਾਂ, ਸੁੱਚੀਆਂ ਵਿਛਾਈਆਂ ਇੱਕ ਊਠ ਤੇ ਲੱਦ ਕੇ ਸਭ ਤੋਂ ਅੱਗੇ ਤੋਰੀਆਂ। ਪਿਆਰ ਸੀ। ਅਨੇਕਾਂ ਹਾਥੀ, ਘੋੜੇ, ਉਹ ਨਾਲ ਸੀ। ਰਾਏ ਬੁਲਾਰ ਜੀ ਤਕੜੇ ਬੰਦੇ ਸਨ। ਜਿਹੜੀ ਆਪਾਂ ਦੋ ਜਗ੍ਹਾ ਤੋਂ ਸੁਣਦੇ ਹਾਂ, ਸ੍ਰੀ ਨਨਕਾਣਾ ਸਾਹਿਬ ਤੋਂ ਬਰਾਤ ਤੁਰੀ ਤੇ ਪੜਾਅ ਇਸ ਦਾ ਕਿੱਥੇ ਕੀਤਾ : ਸੁਲਤਾਨਪੁਰ ਲੋਧੀ ਜਿੱਥੇ ਭੈਣ ਨਾਨਕੀ ਜੀ ਰਹਿੰਦੇ ਸੀ। ਉੱਥੇ ਵੱਡਾ ਕੌਣ ਸੀ- ਨਵਾਬ ਦੌਲਤ ਰਾਏ ਜਿਸ ਕੋਲ ਭਾਈਆ ਜੈ ਰਾਮ ਜੀ ਨੌਕਰੀ ਕਰਦੇ ਸੀ। ਉੱਥੇ ਮਹਾਰਾਜ ਜੀ ਨੂੰ ਲਗਵਾਇਆ ਸੀ, ਮੋਦੀਖਾਨੇ ਵਿੱਚ ਜਿੱਥੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤੇਰ੍ਹਾਂ-ਤੇਰ੍ਹਾਂ ਤੋਲੇ। ਸੁਲਤਾਨਪੁਰ ਲੋਧੀ ਤੋਂ ਨਵਾਬ ਦੌਲਤ ਰਾਏ ਕਹਿਣ ਲੱਗਾ ਕਿ ਮੈਂ ਵੀ ਹਾਜ਼ਰੀ ਲਗਾਉਣੀ ਹੈ। ਮੈਂ ਇੱਥੋਂ ਵੀ ਹਾਥੀ, ਘੋੜੇ ਨਾਲ ਤੋਰਾਂਗਾ। ਸ੍ਰੀ ਨਨਕਾਣਾ ਸਾਹਿਬ ਤੋਂ ਸੁਲਤਾਨਪੁਰ ਲੋਧੀ ਇੱਕ ਪੜਾਅ ਤੇ ਸੁਲਤਾਨਪੁਰ ਲੋਧੀ ਤੋਂ ਬਟਾਲੇ ਦੂਜਾ ਪੜਾਅ ਜਿੱਥੇ ਅੱਜ ਕਲ੍ਹ ਬਾਬਾ ਜੀ ਦਾ ਵਿਆਹ ਪੁਰਬ ਸੰਗਤਾਂ ਵੱਲੋਂ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ।

***ਗਾਉ ਗਾਉ ਰੀ ਦੁਲਹਨੀ ਮੰਗਲਚਾਰਾ ॥***

*(ਅੰਗ ੪੮੨)*

ਇਹ ਮੂਲ ਚੰਦ ਖੱਤਰੀ ਬਾਬਾ ਜੀ ਦਾ ਸਹੁਰਾ ਵੀ ਤਕੜਾ ਬੰਦਾ ਸੀ। ਇੱਕ-ਦੋ ਦਿਨ ਪਹਿਲਾਂ ਇਸ ਨੇ ਸੁਨੇਹਾ ਭੇਜਿਆ ਸੀ ਕਿ ਚੰਗੀ ਸ਼ਾਨ ਨਾਲ ਬਰਾਤ ਲੈ ਕੇ ਆਉਣਾ। ਮੇਰਾ ਵੀ ਬਟਾਲੇ ਨਾਂ ਹੈ। ਪੂਰੇ ਸੱਜ-ਧੱਜ ਕੇ। ਇਸ ਬਰਾਤ ਵਿੱਚ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਚਾਚਾ ਜੀ ਜਿਨ੍ਹਾਂ ਦਾ ਨਾਂ ਭਾਈ ਲਾਲ ਚੰਦ ਜੀ, ਉਹ ਵੀ ਸ਼ਾਮਿਲ ਸਨ। ਧੰਨ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਮਾਮਾ ਜੀ, ਜਿਨ੍ਹਾਂ ਦਾ ਨਾਂ ਰਾਮਾ ਜੀ, ਉਹ ਵੀ ਸ਼ਾਮਿਲ ਸਨ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਨਾਨਾ ਜੀ, ਜਿਨ੍ਹਾਂ ਦਾ ਨਾਂ ਕ੍ਰਿਸ਼ਨਾ ਜੀ, ਉਹ ਵੀ ਸ਼ਾਮਿਲ ਸਨ। ਵੇਖੋ, ਕੈਸੀ ਬਰਾਤ ਸੀ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਦੀਵਾਨੇ, ਮਸਤਾਨੇ ਵੀ ਵਿੱਚੇ ਹੀ ਸਨ। ਜਦੋਂ ਬਰਾਤ ਪਹੁੰਚੀ, ਕਿਸੇ ਨੇ ਮਾਲਾ ਫੜੀ, ਕਿਸੇ ਨੇ ਜੋਗੀਆ ਕੱਪੜੇ ਤੇ ਕਿਸੇ ਨੇ ਆਪਣੇ ਅਨੰਦ ਵਿੱਚ ਬਖਸ਼ੀਆਂ ਰੂਹਾਂ ਤੇ ਮੂਲ ਚੰਦ ਜੀ ਖੱਤਰੀ ਕਹਿੰਦੇ, ਇਹ ਕਿਹੋ ਜਿਹੀ ਬਰਾਤ ਆ ਗਈ ਹੈ। ਮੈਂ ਤਾਂ ਕਿਹਾ ਸੀ ਕਿ ਤੁਰਲੇ ਵਾਲੀਆਂ ਪੱਗਾਂ ਬੰਨ ਕੇ ਆਉਣਾ, ਗਜ ਵਜ ਕੇ ਆਉਣਾ। ਹੁਣ ਬਾਬੇ ਦੀ ਬਰਾਤ ਵਿੱਚ ਤਾਂ ਬਾਬਾ ਜੀ ਦੇ ਜਿਹੜੇ ਸਾਥੀ ਪਿਆਰ ਵਾਲੇ ਸਨ, ਸਾਰੇ ਸ਼ਾਮਿਲ ਸਨ। ਕੋਈ ਬਾਰ੍ਹਾਂ ਘੰਟੇ ਸਮਾਧੀ ਵਿੱਚ ਜੁੜਨ ਵਾਲਾ, ਕੋਈ ਚੌਦਾਂ ਘੰਟੇ। ਕੋਈ ਸਵਾਸ-ਸਵਾਸ ਜੁੜਨ ਵਾਲਾ। ਕੋਈ ਅੰਮ੍ਰਿਤ ਵੇਲੇ ਜੁੜਨ ਵਾਲਾ, ਕੋਈ ਮਾਲਾ ਫੇਰਨ ਵਾਲਾ। ਕੋਈ ਵੈਰਾਗੀ, ਕੋਈ ਤਿਆਗੀ। ਉਸ ਸਮੇਂ ਦੀਆਂ ਬਾਬਾ ਜੀ ਦੇ ਨਾਲ ਦੀਆਂ ਰੂਹਾਂ ਕੀ ਪਤਾ, ਇਸ ਦੀਵਾਨ ਵਿੱਚ ਬੈਠੀਆਂ ਹੋਣ। ਆਉਂਦੀਆਂ ਜਾਂਦੀਆਂ ਹਨ।

ਬਾਬਾ ਨੰਦ ਸਿੰਘ ਜੀ ਕਹਿੰਦੇ ਸੀ ਕਿ ਮੁਕਤੀ ਵੀ ਨਹੀਂ ਚਾਹੀਦੀ। ਹੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ! ਮੇਰੀ ਬੇਨਤੀ ਹੈ ਜਿੰਨੀ ਵਾਰੀ ਮਰਜ਼ੀ ਭੇਜ, ਜਿੰਨੀ ਵਾਰੀ ਮਰਜ਼ੀ ਬੁਲਾ। ਇੱਥੇ ਰੱਖ, ਉੱਥੇ ਰੱਖ ਪਰ ਰੱਖੀਂ ਚਰਨਾਂ ਕੋਲ। ਜੇ ਭੇਜਣਾ ਹੋਵੇ ਤੇ ਸੰਗਤਾਂ ਦੇ ਕਿਲੇ ਵਿੱਚ ਹੀ ਭੇਜੀਂ। ਫਿਰ ਡਿਊਟੀਆਂ ਦੇ ਕੇ ਭੇਜਦੇ ਹਨ। ਕੋਈ ਵੱਡੀ ਗੱਲ ਨਹੀਂ। ਭਾਈ ਦਇਆ ਸਿੰਘ ਜੀ ਵਰਗੇ ਫਿਰ ਵੀ ਆ ਸਕਦੇ ਹਨ। ਭਾਈ ਹਿੰਮਤ ਸਿੰਘ ਜੀ ਵਰਗੇ ਫਿਰ ਵੀ ਆ ਸਕਦੇ ਹਨ। ਉਹ ਪੁਰਾਣੀਆਂ ਡਿਊਟੀਆਂ ਹਨ। ਜਗਤ ਦਾ ਉਧਾਰ। ਜਦੋਂ ਮੂਲ ਚੰਦ ਜੀ ਖੱਤਰੀ ਅਤੇ ਸੱਸ ਮਾਤਾ ਜੀ ਨੇ ਦੀਵਾਨਿਆਂ, ਮਸਤਾਨਿਆਂ, ਪਿਆਰਿਆਂ ਦੀ ਬਰਾਤ ਵੇਖੀ ਤੇ ਗੁੱਸਾ ਚੜ੍ਹ ਗਿਆ। ਇਹ ਕਿਹੋ ਜਿਹੀ ਬਰਾਤ ਆ ਗਈ ਹੈ। ਅਸੀਂ ਤਾਂ ਕਿਹਾ ਸੀ ਕਿ ਚੰਗੇ ਗਜ ਵਜ ਕੇ ਆਉਣਾ। ਹਾਥੀ ਘੋੜੇ ਲਿਆਏ ਹਨ, ਹੋਰ ਵੀ ਚੀਜ਼ਾਂ ਹਨ ਪਰ ਆਹ ਨਾਲ। ਬਹੁਤੀ ਗਿਣਤੀ ਸੰਗੀਆਂ ਦੀ ਹੈ।

***ਗਾਉ ਗਾਉ ਰੀ ਦੁਲਹਨੀ ਮੰਗਲਚਾਰਾ ॥***

*(ਅੰਗ ੪੮੨)*

ਕਹਿੰਦੇ ਜੇ ਹੁਣ ਨਾਂਹ ਕਰ ਦਿੱਤੀ ਤੇ ਕਰਨਗੇ ਗੁੱਸਾ। ਮੂਲ ਚੰਦ ਖੱਤਰੀ ਜੀ ਕਹਿਣ ਲੱਗੇ ਕਿ ਮੈਂ ਆਪਣੀ ਧੀ ਇਨ੍ਹਾਂ ਨਾਲ ਵਿਆਹਾਂ। ਕਹਿਣ ਲੱਗੇ ਕਿ ਜੇ ਮੈਂ ਨਾਂਹ ਕੀਤੀ ਤੇ ਕਰਨਗੇ ਗੁੱਸਾ। ਸਲਾਹ ਕੀ ਕੀਤੀ? ਇਹੋ ਜਿਹਾ ਕੰਮ ਕਰੋ ਕਿ ਸਾਨੂੰ ਨਾਂਹ ਨਾ ਕਰਨੀ ਪਵੇ, ਇਹ ਆਪੇ ਹੀ ਭੱਜ ਜਾਣ। ਉਹ ਕੀ ਸਲਾਹ ਕੀਤੀ? ਮਾਤਾ ਸੁਲੱਖਣੀ ਜੀ ਦੀਆਂ ਵੀਹ-ਪੰਝੀ ਸਹੇਲੀਆਂ ਇਹੋ ਜਿਹੀਆਂ ਤਿਆਰ ਕੀਤੀਆਂ ਕਿ ਇਹੋ ਜਿਹਾ ਮਜ਼ਾਕ ਕਰੋ ਕਿ ਮੁੰਡੇ ਨੂੰ ਗੁੱਸਾ ਚੜ੍ਹ ਜਾਵੇ ਤੇ ਆਪ ਹੀ ਬਰਾਤ ਵਾਪਸ ਲੈ ਕੇ ਚਲਾ ਜਾਵੇ। ਸਾਨੂੰ ਨਾਂਹ ਨਾ ਕਰਨੀ ਪਵੇ। ਉਨ੍ਹਾਂ ਨੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਕੋਲ ਬਿਠਾਇਆ ਤੇ ਹਲਕੇ ਮਜ਼ਾਕ ਕਰਨ ਲੱਗੀਆਂ ਤਾਂ ਕਿ ਉਨ੍ਹਾਂ ਨੂੰ ਗੁੱਸਾ ਚੜ੍ਹੇ। ਪਰ ਇਹ ਨਹੀਂ ਪਤਾ, ਇਹ ਜੋ ਵਿਆਹ ਹੈ, ਬਾਬਾ ਜੀ ਪਰਿਵਾਰ ਦੀ ਖਾਤਰ ਸਭ ਕੁਝ ਉਤਲੀ ਕਿਰਿਆ ਕਰ ਰਹੇ ਹਨ, ਅੰਦਰੋਂ ਆਪਣੇ ਨਿੱਜ ਸਰੂਪ ਨਾਲ ਜੁੜੇ ਹੋਏ ਹਨ। ਉਹ ਮਜ਼ਾਕ ਕਰਦੀਆਂ ਹਨ ਕਿ ਮੁੰਡੇ ਨੂੰ ਗੁੱਸਾ ਚੜ੍ਹੇਗਾ ਪਰ ਬਾਬਾ ਜੀ:

***ਗੁਰਮੁਖਿ ਪੰਥ ਚਲਾਇਆ ਗੁਰਸਿਖੁ ਮਾਇਆ ਵਿਚਿ ਉਦਾਸੀ ।***

*(ਵਾਰ ੩੯, ਪਉੜੀ ੧੭)*

ਬਾਬਾ ਜੀ ਦੀ ਇਹ ਪੜ੍ਹਾਈ ਹੈ:

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥੭੮॥***

*(ਅੰਗ ੧੩੮੧-੮੨)*

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥੭॥***

*(ਅੰਗ ੧੩੬੪)*

ਅੱਧਾ ਘੰਟਾ, ਇੱਕ ਘੰਟਾ ਮਜ਼ਾਕ ਕਰਕੇ ਉਹ ਥੱਕ ਗਈਆਂ ਪਰ ਬਾਬਾ ਜੀ ਨੂੰ ਗੁੱਸਾ ਆਉਂਦਾ ਹੀ ਨਹੀਂ ਪਿਆ। ਉਹ ਆਪਣੇ ਨਿਰੰਕਾਰ ਨਾਲ ਜੁੜੇ ਹਨ। ਉਸੇ ਤਰ੍ਹਾਂ ਚਿਹਰੇ ਤੇ ਲਾਲੀ। ਸਾਰੇ ਕਹਿੰਦੇ, ਕਰੀਏ ਕੀ ਗੁੱਸਾ ਚੜ੍ਹੇਗਾ, ਆਪੇ ਨਾਂਹ ਕਰ ਦੇਣਗੇ। ਇਹ ਕਿਹੋ ਜਿਹਾ ਲੜਕਾ ਹੈ। ਇਸ ਨੂੰ ਗੁੱਸਾ ਚੜ੍ਹਦਾ ਹੀ ਨਹੀਂ। ਫਿਰ ਦੂਜੀ ਸਲਾਹ ਕੀਤੀ ਕਿ ਜਿਹੜੀ ਕੱਚੀ ਕੰਧ ਹੈ, ਉਸ ਦੇ ਕੋਲ ਮੰਜੀ ਡਾਹ ਦਿਓ। ਉੱਥੇ ਬਿਠਾਓ ਲਾੜੇ ਨੂੰ ਤੇ ਚੰਦ ਸਰੀਰ ਸ਼ਰਾਰਤ ਨਾਲ ਕੰਧ ਇਸ ਦੇ ਉੱਤੇ ਸੁੱਟ ਦੇਣ। ਇਹ ਦੂਜੀ ਸਕੀਮ ਬਣਾਈ। ਕੱਚੀ ਕੰਧ ਕੋਲ ਮੰਜੀ ਡਾਹ ਦਿੱਤੀ ਗਈ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜਾਣੀ ਜਾਣ।

***ਸਤਿਗੁਰ ਅਗਮ ਅਗਾਧਿ ਪੁਰਖੁ***
***ਕੇਹੜਾ ਝਲੇ ਗੁਰੂ ਦੀ ਝਾਲਾ ।***

*(ਵਾਰ ੧, ਪਉੜੀ ੩੧)*

ਕੱਚੀ ਕੰਧ ਕੋਲ ਮੰਜੀ ਡਾਹ ਕੇ ਉਹ ਕੰਧ ਕੋਲ ਬਿਠਾਇਆ ਕਿ ਕੰਧ ਸੁੱਟਾਂਗੇ ਤੇ ਗੁੱਸਾ ਚੜ੍ਹੇਗਾ। ਜਦੋਂ ਇੱਥੇ ਬਿਠਾਇਆ ਤੇ ਸਤਿਗੁਰੂ ਜੀ ਜਾਣੀ ਜਾਣ ਹਨ।

***ਘਟ ਘਟ ਕੇ ਅੰਤਰ ਕੀ ਜਾਨਤ ॥***

*(ਸ੍ਰੀ ਚੌਪਈ ਸਾਹਿਬ)*

ਕੁਝ ਸਰੀਰਾਂ ਨੇ ਗੱਲਾਂ ਲਗਾਇਆ, ਕੁਝ ਸੋਚਦੇ ਹਨ ਕਿ ਕੱਚੀ ਕੰਧ, ਇਸ ਨੂੰ ਧੱਕਾ ਦਿਆਂਗੇ। ਉਹ ਜਦੋਂ ਧੱਕਾ ਦੇਣ ਲੱਗੇ ਕੰਧ ਨੂੰ, ਦੀਨ ਦੁਨੀਆਂ ਦੇ ਮਾਲਕ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨਿਰੰਕਾਰ ਦੇ ਰੂਪ ਵਿੱਚ ਕਹਿਣ ਲੱਗੇ, ਜਿਹੜੀ ਕੰਧ ਨੂੰ ਤੁਸੀਂ ਡੇਗਣਾ ਚਾਹੁੰਦੇ ਹੋ, ਜੁਗਾਂ ਜੁਗਾਂ ਤੱਕ ਇਹ ਕੰਧ ਨਹੀਂ ਡਿੱਗੇਗੀ। ਅੱਜ ਵੀ ਜਾਓਗੇ ਗੁਰਦੁਆਰਾ ਕੰਧ ਸਾਹਿਬ। ਕਿੰਨਾ ਸਮਾਂ ਲੰਘ ਗਿਆ ਹੈ। ਅੱਜ ਵੀ ਕੰਧ ਉਸੇ ਤਰ੍ਹਾਂ ਹੀ ਹੈ। ਤੁਸੀਂ ਢਾਹੁਣ ਲੱਗੇ ਹੋ, ਇਹ ਕੰਧ ਜੁਗਾਂ ਜੁਗਾਂ ਤੱਕ ਨਹੀਂ ਡਿੱਗੇਗੀ। ਜਦੋਂ ਜ਼ੋਰ ਲਗਾ ਲਗਾ ਕੇ ਥੱਕ ਗਏ, ਜਿਹੜਾ ਹਰ ਵੇਲੇ ਖਤਰਾ, ਥੋੜ੍ਹੀ ਜਿੰਨੀ ਵੀ ਹਿਲਦੀ ਨਹੀਂ ਪਈ ਤੇ ਮੂਲ ਚੰਦ ਖੱਤਰੀ ਤੇ ਸਾਰੇ ਸਰੀਰ ਕਹਿੰਦੇ, ਅਸੀਂ ਪਛਾਣ ਨਹੀਂ ਸਕੇ, ਇਹ ਤਾਂ ਆਪ ਨਿਰੰਕਾਰ ਲੱਗਦੇ ਹਨ, ਆਪ ਪਰਮੇਸ਼ਰ ਹਨ, ਬਖਸ਼ੀ ਰੂਹ ਹਨ। ਮੈਂ ਇਮਤਿਹਾਨਾਂ ਵਿੱਚ ਪਿਆ ਹਾਂ। ਮੇਰੇ ਧੰਨ ਭਾਗ, ਮੇਰੀ ਇਸ ਪਰਿਵਾਰ ਨਾਲ ਸਾਂਝ ਪੈ ਗਈ ਹੈ। ਮਾਤਾ ਸੁਲੱਖਣੀ ਜੀ ਦਾ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ, ਸੱਚੇ ਪਾਤਸ਼ਾਹ ਜੀ ਨਾਲ ਵਿਆਹ ਦੀ ਰਸਮ ਹੋਣੀ ਕੋਈ ਛੋਟੀ ਗੱਲ ਨਹੀਂ ਸੀ। ਇਹ ਵੀ ਕਿੰਨੀ ਵੱਡੀ ਘਾਲਣਾ ਹੈ, ਮਾਤਾ ਸੁਲੱਖਣੀ ਜੀ ਦੀ। ਕੋਈ ਪੂਰਬਲਾ ਤਪ ਸੀ।

ਹੁਣ ਸਮਾਂ ਲਿਖਿਆ ਹੈ, ਜਦੋਂ ਪਿਤਾ ਕਾਲੂ ਜੀ ਬਹੁਤ ਬਜ਼ੁਰਗ ਹੋ ਗਏ ਸੀ। ਅੱਖਾਂ ਵਿੱਚ ਨੀਰ ਆ ਗਿਆ। ਮਹਾਰਾਜ ਜੀ ਉਦਾਸੀ ਤੋਂ ਵਾਪਸ ਆਏ। ਕਹਿਣ ਲੱਗੇ, ਗੁਰੂ ਨਾਨਕ ਜੀ ਵੱਲ ਵੇਖ ਕੇ ਕਿ ਬੇਟਾ ਮੇਰਾ ਅਖੀਰਲਾ ਵੇਲਾ ਹੈ। ਮੇਰਾ ਕੀ ਬਣੇਗਾ? ਮੈਂ ਤੈਨੂੰ ਚਪੇੜ ਵੀ ਮਾਰੀ। ਝਿੜਕਾਂ ਵੀ ਦਿੱਤੀਆਂ। ਪਛਾਣਿਆ ਨਹੀਂ। ਮੇਰਾ ਕੀ ਬਣੇਗਾ ਤੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ, ਪਿਤਾ ਜੀ, ਹੁਣੇ ਅੱਖਾਂ ਬੰਦ ਕਰੋ। ਹੁਣੇ ਦਰਗਾਹ ਦਾ ਨਕਸ਼ਾ ਵਿਖਾ ਦਿੰਦੇ ਹਾਂ। ਅੱਖਾਂ ਬੰਦ ਕੀਤੀਆਂ ਤੇ ਕੀ ਵੇਖਿਆ, ਸੱਚਖੰਡ ਵਿੱਚ ਉਡੀਕ ਹੋ ਰਹੀ ਹੈ। ਕਿਸੇ ਬਖਸ਼ੇ ਪਰਿਵਾਰ ਨਾਲ ਸਾਂਝ ਪੈ ਜਾਵੇ ਤੇ ਫਿਰ ਆਮ 21 ਕੁੱਲਾਂ ਵੀ ਤਰ ਜਾਂਦੀਆਂ ਹਨ। ਇਹ ਤਾਂ ਫਿਰ ਆਪ ਨਿਰੰਕਾਰ ਸਰੂਪ ਹਨ।

***ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥***

*(ਅੰਗ ੨੯੫)*

ਮੂਲ ਚੰਦ ਖੱਤਰੀ ਕਹਿਣ ਲੱਗੇ ਕਿ ਮੈਂ ਇਮਤਿਹਾਨ ਲੈ ਰਿਹਾ ਹਾਂ, ਮੈਂ ਭੁੱਲ ਗਿਆ ਹਾਂ। ਇਹ ਕੱਚੀ ਕੰਧ ਡਿੱਗ ਕਿਉਂ ਨਹੀਂ ਰਹੀ ਕਿਉਂਕਿ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਖਿਆ ਹੈ, ਜੁਗਾਂ ਜੁਗਾਂ ਤੱਕ ਇਹ ਕੰਧ ਨਹੀਂ ਡਿੱਗੇਗੀ। ਇਹ ਰੱਬ ਦਾ ਰੂਪ ਮੇਰੇ ਘਰ ਆਏ ਹਨ।

***ਗਾਉ ਗਾਉ ਰੀ ਦੁਲਹਨੀ ਮੰਗਲਚਾਰਾ ॥***

*(ਅੰਗ ੪੮੨)*

ਮਾਤਾ ਸੁਲੱਖਣੀ ਜੀ ਦੇ ਵੱਡੇ ਭਾਗ ਹਨ ਜੋ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਸੁਪਤਨੀ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਅੱਜ ਵੀ ਜਿਹੜਾ ਗੁਰਦੁਆਰਾ ਕੰਧ ਸਾਹਿਬ, ਬਟਾਲੇ ਵਿੱਚ ਸੱਚੇ ਮਨ ਨਾਲ ਦਰਸ਼ਨ ਕਰਨ ਜਾਵੇ, ਨਿਤਨੇਮ ਵਿੱਚ ਕੱਚਾ ਹੈ, ਬੰਦਗੀ ਵਿੱਚ ਕੱਚਾ ਹੈ, ਅੰਮ੍ਰਿਤ ਵੇਲੇ ਵਿੱਚ ਕੱਚਾ ਹੈ, ਉਹ ਕੱਚੇ ਅੱਜ ਵੀ ਪੱਕੇ ਹੁੰਦੇ ਹਨ। ਜੇ ਕੰਧ ਕੱਚੀ ਸੀ ਤੇ ਕੱਚੀ ਨੂੰ ਪੱਕਾ ਕਰ ਦਿੱਤਾ ਤੇ ਸਾਨੂੰ ਵੀ ਕਰ ਸਕਦੇ ਹਨ। ਵੇਖੋ ਲਓ ਜੇ ਗੁਰੂ ਸਾਹਿਬ ਵਿਆਹ ਕਰਵਾਉਣ ਵੀ ਗਏ ਤਾਂ ਵੀ ਦੁਨੀਆਂ ਦੇ ਭਲੇ ਲਈ ਕੁਝ ਦਿੱਤਾ ਹੈ।

ਹੁਣ ਸਿੱਧਾ ਆ ਜਾਓ, ਦਸਵੇਂ ਜਾਮੇ ਤੇ।

ਮਾਤਾ ਜੀ ਕਹਿੰਦੇ, ਮਾਤਾ ਗੁਜਰ ਕੌਰ ਜੀ, ਸ੍ਰੀ ਅਨੰਦਪੁਰ ਸਾਹਿਬ ਕਿ ਪੁੱਤਰ ਜੀ, ਮੈਂ ਤੁਹਾਡਾ ਰਿਸ਼ਤਾ ਪੱਕਾ ਕਰ ਦਿੱਤਾ ਹੈ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ, ਨਾਂ ਕੀ? ਮਾਤਾ ਜੀਤੋ ਜੀ। ਧਿਆਨ ਦੇਣਾ। ਰਹਿਣ ਵਾਲੇ ਕਿੱਥੋਂ ਦੇ ਹਨ? ਲਾਹੌਰ ਦੇ। ਪੁੱਤਰ ਜੀ, ਉਹ ਕਹਿੰਦੇ ਹਨ, ਬਰਾਤ ਗਜ ਵਜ ਕੇ ਆਵੇ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ, ਮਾਤਾ ਜੀ, ਤੁਹਾਡਾ ਵੇਖਿਆ ਰਿਸ਼ਤਾ ਮੈਂ ਮੋੜਾਂਗਾ ਨਹੀਂ। ਇਹ ਪ੍ਰਵਾਨ ਹੈ। ਪਰ ਮਾਤਾ ਜੀ ਇਸ ਰਿਸ਼ਤੇ ਵਾਸਤੇ ਮੈਂ ਲਾਹੌਰ ਨਹੀਂ ਜਾਣਾ। ਪੁੱਤਰ ਜੀ, ਉਹ ਕਿਉਂ? ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ, ਜਿਸ ਲਾਹੌਰ ਵਿੱਚ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਪਾਤਸ਼ਾਹ ਤੱਤੀ ਲੋਹ ਤੇ ਬੈਠ ਕੇ ਸ਼ਹੀਦ ਹੋਏ ਹੋਣ ਤੇ ਮੈਂ ਉਸ ਜਗ੍ਹਾ ਤੇ ਸਿਹਰੇ ਬੰਨ ਕੇ ਜਾਵਾਂ। ਜਿਸ ਲਾਹੌਰ ਬਾਰੇ, ਗੁਰਬਾਣੀ ਵਿੱਚ ਲਿਖਿਆ ਹੈ:

*ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥੨੭॥*
*ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ ॥੨੮॥*

*(ਅੰਗ ੧੪੧੨)*

ਇਹ ਗੁਰਬਾਣੀ ਦੀਆਂ ਪੰਕਤੀਆਂ ਹਨ। ਕੋਈ ਸਮਾਂ ਵੇਖਿਆ ਮਹਾਰਾਜ ਜੀ ਨੇ। ਬੱਕਰੇ ਵੱਢਦੇ ਵੇਖੇ। ਅਨਿਆਂ ਹੁੰਦਾ ਵੇਖਿਆ। ਕਹਿੰਦੇ ਸਵਾ ਪਹਰ ਇੱਥੇ ਜ਼ਹਿਰ ਫੈਲਿਆ ਹੈ। ਅੰਮ੍ਰਿਤਸਰ ਸਿਫਤੀ ਦਾ ਘਰ ਹੈ। ਮਹਾਰਾਜ ਜੀ ਕਹਿੰਦੇ ਜਿੱਥੇ ਪੰਜਵੀਂ ਜੋਤ ਨੂੰ ਤੱਤੀ ਦੇਗ ਵਿੱਚ ਉਬਾਲਿਆ ਗਿਆ, ਮੈਂ ਉੱਥੇ ਸਿਹਰੇ ਬੰਨ੍ਹਾਂ। ਪੁੱਤਰ ਜੀ, ਕੁੜੀ ਵਾਲੇ ਬਾਰ-ਬਾਰ ਕਹਿੰਦੇ ਹਨ ਕਿ ਵਿਆਹ ਲਾਹੌਰ ਹੀ ਕਰਨਾ ਹੈ। ਤੁਹਾਡੇ ਪਿਤਾ ਜੀ ਵੇਖੋ, ਕੌਣ ਹਨ? ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ, ਲਾਹੌਰ ਤਾਂ ਜਾਣਾ ਨਹੀਂ ਪਰ ਤੁਸੀਂ ਮਾਤਾ ਹੋ, ਤੁਹਾਡਾ ਬਚਨ ਵੀ ਮੰਨਣਾ ਹੈ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ, ਮਾਤਾ ਜੀ, ਸ੍ਰੀ ਅਨੰਦਪੁਰ ਸਾਹਿਬ ਤੋਂ ਹੀ ਕੁਝ ਕੁ ਮੀਲ ਦੀ ਦੂਰੀ ਤੇ ਜ਼ਮੀਨ ਖਰੀਦ ਕੇ ਉਸ ਦਾ ਨਾਂ ਲਾਹੌਰ ਰੱਖ ਦਿੰਦੇ ਹਾਂ। ਸ੍ਰੀ ਅਨੰਦਪੁਰ ਸਾਹਿਬ ਤੋਂ 12 ਕਿਲੋਮੀਟਰ ਦੂਰ ਇੰਨੀ ਜ਼ਮੀਨ ਖਰੀਦੀ ਕਿ ਮਾਤਾ ਜੀ ਨੂੰ ਕਹਿੰਦੇ, ਮਾਤਾ ਜੀ, ਤੁਸੀਂ ਲਾਹੌਰ ਜਾਣ ਬਾਰੇ ਕਹਿੰਦੇ ਹੋ, ਲਾਹੌਰ ਸ਼ਹਿਰ ਇੱਥੇ ਹੀ ਵਸਾ ਦਿੰਦੇ ਹਾਂ ਜਿਸ ਦਾ ਨਾਂ ਗੁਰੂ ਕਾ ਲਾਹੌਰ ਹੋਵੇਗਾ। ਕੈਸਾ ਦਾਤਾ ਹੈ।

*ਪਿਤਾ ਮੇਰੋ ਬਡੋ ਧਨੀ ਅਗਮਾ ॥*

*(ਅੰਗ ੫੦੭)*

ਵੇਖੋ, ਇੱਕ ਸ਼ਹਿਰ ਨਹੀਂ ਜਾਣਾ ਤੇ ਇੰਨਾ ਵੱਡਾ ਦਾਤਾ ਹੈ ਕਿ ਜਿੱਥੇ ਚਾਹਵੇ, ਉੱਥੇ ਉਹ ਸ਼ਹਿਰ ਵਸਾ ਸਕਦਾ ਹੈ। ਮਹਾਰਾਜ ਜੀ ਕਹਿੰਦੇ, ਇੱਥੇ ਲਾਹੌਰ ਵਸਾ ਦਿੰਦੇ ਹਾਂ। ਸ੍ਰੀ ਅਨੰਦਪੁਰ ਸਾਹਿਬ ਤੋਂ 12 ਕਿਲੋਮੀਟਰ ਦੂਰ ਜ਼ਮੀਨ ਖਰੀਦੀ ਤੇ ਉਸ ਦਾ ਨਾਂ ਰੱਖਿਆ: ਗੁਰੂ ਕਾ ਲਾਹੌਰ। ਮਾਤਾ ਜੀਤੋ ਜੀ ਦੇ ਪਰਿਵਾਰ ਨੂੰ ਉੱਥੇ ਲਿਆਂਦਾ ਤੇ ਫਿਰ ਇੱਥੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅਨੰਦ ਕਾਰਜ ਹੋਏ।

*ਗਾਉ ਗਾਉ ਰੀ ਦੁਲਹਨੀ ਮੰਗਲਚਾਰਾ ॥*

*(ਅੰਗ ੪੮੨)*

ਹੁਣ ਆਪਾਂ ਗੱਲ ਕਿੱਥੇ ਲਿਆਉਣੀ ਹੈ। ਅਸੀਂ ਵੀ ਬਾਬਾ ਜੀ ਦੀਆਂ ਦਾਸੀਆਂ ਹਾਂ ਤੇ ਅਰਦਾਸ ਕਰੋ ਕਿ ਐ ਮੇਰੇ ਪਤੀ ਪਰਮੇਸ਼ਰ ਧੰਨ ਸ੍ਰੀ ਗੁਰੂ ਨਾਨਕ ਜੀ, ਮੇਰੇ ਵਰਗੀ ਗਰੀਬ ਦਾਸੀ ਦੀ ਤੇਰੇ ਵਰਗੇ ਪਤੀ ਪਰਮੇਸ਼ਰ ਨਾਲ ਉਹ ਅਧਿਆਤਮਕ ਸਾਂਝ ਕਦੋਂ ਪਵੇਗੀ। ਉਹ ਵਿਆਹ ਜਿਹੜਾ ਤੇਰੇ ਚਰਨਾਂ ਨਾਲ ਮੇਰਾ ਕਦੋਂ ਹੋਵੇਗਾ।

*ਕਰਮਹੀਣ ਧਨ ਕਰੈ ਬਿਨੰਤੀ*
*ਕਦਿ ਨਾਨਕ ਆਵੈ ਵਾਰੀ ॥*
*ਸਭਿ ਸੁਹਾਗਣਿ ਮਾਣਹਿ ਰਲੀਆ*
*ਇਕ ਦੇਵਹੁ ਰਾਤਿ ਮੁਰਾਰੀ ॥੧॥*

*(ਅੰਗ ੬੫੯)*

ਬਾਬਾ ਜੀ ਅਸੀਂ ਵੀ ਤੇਰੀਆਂ ਦਾਸੀਆਂ ਹਾਂ। ਬਾਬਾ ਜੀ, ਤੁਹਾਡੇ ਨਾਲ ਸਾਡੀ ਅਧਿਆਤਮਿਕ ਸਾਂਝ, ਪਿਆਰ ਹੈ, ਉਹ ਪਤੀ ਪਰਮੇਸ਼ਰ ਵਾਲਾ, ਉਹ ਵਾਰੀ ਕਦੋਂ ਆਵੇਗੀ। ਜਿਨ੍ਹਾਂ ਨੇ ਸਾਡੇ ਵਿੱਚੋਂ ਅੰਮ੍ਰਿਤ ਨਹੀਂ ਛਕਿਆ, ਭਾਵੇਂ ਘਰ ਦਾ ਮੈਂਬਰ ਰੁਕਾਵਟ ਹੈ, ਭਾਵੇਂ ਕੋਈ ਅੰਦਰਲੀ ਗੱਲ ਰੁਕਾਵਟ ਹੈ, ਭਾਵੇਂ ਅੰਦਰ ਖਿਆਲ ਰੁਕਾਵਟ ਹਨ। ਅਰਦਾਸ ਕਰੋ ਕਿ ਮੈਂ ਤੇਰੀ ਕਦੋਂ ਬਣਾਂਗੀ। ਮੇਰੇ ਗਲ ਵਿੱਚ ਤੇਰਾ ਪਟਾ ਕਦੋਂ ਪਵੇਗਾ। ਬਾਬਾ ਜੀ, ਸਾਡਾ ਵਿਆਹ ਤੁਹਾਡੇ ਨਾਲ ਕਦੋਂ ਹੋਵੇਗਾ। ਅੰਦਰੋਂ ਸਾਰੇ ਅਰਦਾਸ ਕਰੋ। ਪਤਾ ਨਹੀਂ ਸੰਗਤ ਵਿੱਚ ਕਿਹੜਾ ਬਖਸ਼ਿਆ ਹੋਵੇ ਤੇ ਅੱਜ ਸਾਡੀ ਸਾਰਿਆਂ ਦੀ ਵੀ ਸੁਣੀ ਜਾਵੇ:

***ਕਰਮਹੀਣ ਧਨ ਕਰੈ ਬਿਨੰਤੀ***
***ਕਦਿ ਨਾਨਕ ਆਵੈ ਵਾਰੀ॥***

*(ਅੰਗ ੯੫੯)*

ਨਿਸ਼ਾਨਾ ਸਾਹਮਣੇ ਰੱਖਿਓ। ਸਾਰੇ ਚੈੱਕ ਕਰੋ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅੰਮ੍ਰਿਤ ਦੀ ਦਾਤ ਨਾਲ ਕਿਸ-ਕਿਸ ਦੀ ਟੁੱਟੀ ਹੋਈ ਹੈ। ਸਾਰੇ ਚੈੱਕ ਕਰੋ ਕਿ ਅੰਮ੍ਰਿਤ ਵੇਲੇ ਨਾਲੋਂ ਕਿਸ ਦੀ ਟੁੱਟੀ ਹੋਈ ਹੈ। ਬਾਬਾ ਨੰਦ ਸਿੰਘ ਜੀ ਦੇ ਬਚਨ ਹਨ। ਬਾਬਾ ਜੀ ਕਹਿੰਦੇ ਸੀ, ਹਰ ਪ੍ਰਾਣੀ ਨੂੰ ਹਰ ਰੋਜ਼ 3 ਤੋਂ 6 ਵਜੇ ਤੱਕ ਨਿਤਨੇਮ ਦੀ ਹਾਜ਼ਰੀ ਦੇ ਨਾਲ-ਨਾਲ, ਗੁਰ ਮੰਤਰ ਜਾਂ ਮੂਲ ਮੰਤਰ ਦੇ ਜਾਪ ਵਿੱਚ ਬੈਠਣਾ ਚਾਹੀਦਾ ਹੈ। ਤਿੰਨ ਘੰਟੇ ਦਾ ਚੌਂਕੜਾ ਹਰ ਇੱਕ ਲਈ ਜ਼ਰੂਰੀ ਹੈ। ਵੇਖ ਲਓ ਫਿਰ ਸਾਰਾ ਦਿਨ, ਸਾਰੀਆਂ ਨੀਹਾਂ ਕਿਵੇਂ ਪੱਕੀਆ ਹੋ ਜਾਂਦੀਆਂ ਹਨ। ਹੁਣ ਵੇਖ ਲਓ ਅਸੀਂ ਤਿੰਨ ਘੰਟੇ ਤੋਂ ਕਿੰਨੀ ਦੂਰ ਹਾਂ। ਅਸੀਂ ਕਿੱਥੇ ਹਾਂ। ਚਾਰ ਤੇ ਹਾਂ, ਸਾਢੇ ਚਾਰ ਤੇ ਹਾਂ, ਪੰਜ ਤੇ ਹਾਂ ਜਾਂ ਸਾਢੇ ਪੰਜ ਤੇ ਹਾਂ। ਬਾਬਾ ਜੀ, ਮੇਰੇ ਅੰਮ੍ਰਿਤ ਵੇਲੇ ਦਾ ਵਿਆਹ ਤੇਰੇ ਚਰਨਾਂ ਨਾਲ ਕਦੋਂ ਹੋਵੇਗਾ।

***ਕਰਮਹੀਣ ਧਨ ਕਰੈ ਬਿਨੰਤੀ***
***ਕਦਿ ਨਾਨਕ ਆਵੈ ਵਾਰੀ॥***

*(ਅੰਗ ੯੫੯)*

ਮੈਂ ਕੋਸ਼ਿਸ਼ ਕਰਕੇ ਥੱਕ ਗਿਆ ਹਾਂ, ਤੇਰੀ ਬਖਸ਼ਿਸ਼ ਬਗੈਰ ਅੰਮ੍ਰਿਤ ਵੇਲਾ ਨਹੀਂ ਮਿਲ ਸਕਦਾ। ਮੈਂ ਯਤਨ ਕਰਕੇ ਥੱਕ ਗਿਆ ਹਾਂ, ਸਭ ਤੋਂ ਮਹਿੰਗਾ ਸੌਦਾ ਹੈ, ਅੰਮ੍ਰਿਤ ਵੇਲਾ, ਤੇਰੀ ਕਿਰਪਾ ਬਿਨਾਂ ਨਹੀਂ ਮਿਲ ਸਕਦਾ।

***ਟੂਟੀ ਗਾਢਨਹਾਰ ਗੁੋਪਾਲ॥***
***ਸਰਬ ਜੀਆ ਆਪੇ ਪ੍ਰਤਿਪਾਲ॥***

*(ਅੰਗ ੨੮੨)*

ਸਾਡੀ ਵੀ ਟੁੱਟੀ ਗੰਢ ਕੇ, ਅੰਮ੍ਰਿਤ ਵੇਲੇ ਨਾਲ, ਅੰਮ੍ਰਿਤਮਈ ਬਾਣੀ ਨਾਲ। ਸਿਮਰਨ ਨਾਲ, ਨਿਰਵੈਰਤਾ ਨਾਲ, ਦਇਆ ਨਾਲ, ਧੀਰਜ ਨਾਲ, ਅੰਮ੍ਰਿਤ ਨਾਲ।

***ਜਨਮ ਜਨਮ ਕਾ ਵਿਛੁੜਿਆ ਹਰਿ ਮੇਲਹੁ ਸਜਣੁ ਸੈਣ॥***

*(ਅੰਗ ੧੩੬)*

***ਕਰਵਤੁ ਭਲਾ ਨ ਕਰਵਟ ਤੇਰੀ॥***
***ਲਾਗੁ ਗਲੇ ਸੁਨੁ ਬਿਨਤੀ ਮੇਰੀ॥੧॥***

*(ਅੰਗ ੪੮੪)*

ਆਓ! ਮਾਤਾ ਸੁਲੱਖਣੀ ਜੀ ਦਾ ਇਤਿਹਾਸ ਤੇ ਮਾਤਾ ਜੀਤੋ ਜੀ ਦਾ ਇਤਿਹਾਸ ਪੜ੍ਹ ਸੁਣ ਕੇ ਅਰਦਾਸ ਕਰੀਏ ਕੀ-

***ਕਰਮਹੀਣ ਧਨ ਕਰੈ ਬਿਨੰਤੀ***
***ਕਦਿ ਨਾਨਕ ਆਵੈ ਵਾਰੀ॥***
***ਸਭਿ ਸੁਹਾਗਣਿ ਮਾਣਹਿ ਰਲੀਆ***
***ਇਕ ਦੇਵਹੁ ਰਾਤਿ ਮੁਰਾਰੀ॥੧॥***

*(ਅੰਗ ੯੫੯)*

***ਗਾਉ ਗਾਉ ਰੀ ਦੁਲਹਨੀ ਮੰਗਲਚਾਰਾ॥***

*(ਅੰਗ ੪੮੨)*

✪✪✪

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ ਵਿੱਚੋਂ ਬਚਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

—ਸੰਪਾਦਕ

519 ਸਭ ਤੋਂ ਵੱਡਾ ਪਰਮਾਤਮਾ ਹੈ ਪਰ ਪਰਮਾਤਮਾ ਤੋਂ ਵੀ ਵੱਡਾ ਪਰਮਾਤਮਾ ਦਾ ਨਾਮ ਹੈ।

520 ਵਾਹਿਗੁਰੂ ਜਾਪ ਨੂੰ ਰਸਨਾ ਤੋਂ ਸੁਰਤੀ ਵੱਲ ਲਿਜਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

521 ਸਿੱਖ ਦੀ ਅਸਲੀ ਦੌਲਤ ਵਾਹਿਗੁਰੂ ਦਾ ਨਾਮ ਹੈ। ਕਿਤੇ ਇਹਦੇ ਨਾਲ ਜੁੜ ਜਾ, ਇਹ ਦੌਲਤ ਨਾ ਜਿਉਂਦਿਆਂ ਸਾਥ ਛੱਡਦੀ ਹੈ, ਨਾ ਮਰਨ ਤੋਂ ਬਾਅਦ ਸਾਥ ਛੱਡਦੀ ਹੈ।

## ਬੱਚਿਆਂ ਲਈ ਵਿਸ਼ੇਸ਼

### ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਵੀਂ ਲਹਿਰ

# 400 ਸਾਲ ਗੁਰ ਇਤਿਹਾਸ ਦੇ ਨਾਲ

ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਨਵੀਂ ਲਹਿਰ "**400 ਸਾਲ ਗੁਰ ਇਤਿਹਾਸ ਦੇ ਨਾਲ**" ਸਿਫਤਿ ਸਾਲਾਹ ਵਿੱਚ ਅੰਕ 136 ਤੋਂ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਗੁਰੂ ਸਾਹਿਬਾਨਾਂ, ਸ਼ਹੀਦ ਸਿੰਘਾਂ ਅਤੇ ਗੁਰੂ ਕੇ ਪਿਆਰਿਆਂ ਦੇ ਜੀਵਨ ਵਿੱਚੋਂ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਆਪਣੇ ਗੌਰਵਮਈ ਸਿੱਖ ਇਤਿਹਾਸ ਤੋਂ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਵੇਗਾ ਤਾਂ ਕਿ ਉਹ ਇਸ ਤੋਂ ਜਾਣੂ ਹੋ ਕੇ ਸੇਧ ਲੈ ਸਕਣ। ਆਪ ਜੀ ਅਸੀਸ ਦੇਣਾ ਤਾਂ ਕਿ ਇਹ ਸੇਵਾ ਹੋ ਸਕੇ।

***ਨੋਟ : ਸਿਫਤਿ ਸਾਲਾਹ ਵਿੱਚ ਪਰਖ ਤੇ ਪ੍ਰਪੱਕਤਾ ਕਾਲਮ ਦੀ ਜਗ੍ਹਾ ਤੇ ਹੁਣ ਪ੍ਰਸ਼ਨ-ਉੱਤਰਾਂ ਦਾ ਇਹ ਨਵਾਂ ਕਾਲਮ ਸ਼ੁਰੂ ਕੀਤਾ ਗਿਆ ਹੈ ਜੀ।***

***ਲੜੀ ਜੋੜਨ ਲਈ ਅੰਕ ਪਿਛਲਾ ਦੇਖੋ ਜੀ :-***

**31. ਪ੍ਰ: ਕਿਹੜੇ ਪਿਆਰੇ ਸਿੱਖ ਨੇ ਜੰਗਲ ਵਿੱਚੋਂ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਘਰ ਲਈ ਲੱਕੜਾਂ ਲਿਆਉਂਦੇ ਸਮੇਂ ਖੂਹ ਵਿੱਚ ਡਿੱਗ ਜਾਣ ਤੇ ਵੀ ਆਪਣੇ ਸਿਰ ਤੋਂ ਲੱਕੜਾਂ ਡਿੱਗਣ ਨਹੀਂ ਦਿੱਤੀਆਂ?**

ਉ: ਭਾਈ ਮੰਝ ਜੀ

ਭਾਈ ਮੰਝ ਜੀ ਦਾ ਪਹਿਲਾ ਨਾਂ ਤੀਰਥਾ ਸੀ ਤੇ ਇਹ ਸਖੀ ਸਰਵਰ ਦੇ ਸ਼ਰਧਾਲੂ ਸਨ। ਹਰ ਵਰ੍ਹੇ ਨਿਗਾਹੇ ਸਰਵਰ ਪੀਰ ਦੀ ਯਾਤਰਾ ਕਰਦੇ ਸਨ ਤੇ ਇਹ ਪਿੰਡ ਕੰਗ ਮਾਈ, ਹੁਸ਼ਿਆਰਪੁਰ ਦੇ ਰਹਿਣ ਵਾਲੇ ਸਨ। 1585 ਵਿੱਚ ਜਦੋਂ ਨਿਗਾਹੇ ਸਖੀ ਸਰਵਰ ਦੇ ਹੋ ਕੇ ਵਾਪਸ ਪਿੰਡ ਜਾ ਰਹੇ ਸਨ ਤੇ ਰਸਤੇ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਪੰਜਵੇਂ ਪਾਤਸ਼ਾਹ ਜੀ ਦੇ ਦਰਸ਼ਨ ਹੋਏ ਤੇ ਮਨ ਖਿੱਚਿਆ ਗਿਆ। ਜਦੋਂ ਭਾਈ ਮੰਝ ਜੀ ਨੇ ਪੰਜਵੇਂ ਪਾਤਸ਼ਾਹ ਜੀ ਤੋਂ ਸਿੱਖੀ ਦੀ ਦਾਤ ਮੰਗੀ ਤੇ ਮਹਾਰਾਜ ਜੀ ਨੇ ਬਚਨ ਕੀਤਾ ਕਿ ਸਿੱਖੀ ਤੇ ਸਿੱਖੀ ਨਹੀਂ ਟਿਕਦੀ ਤੇ ਨਾਲੇ ਸਿੱਖੀ ਦਾ ਮੂਲ ਨਿਮਰਤਾ ਹੈ। ਲੋਕ ਲਾਜ ਤਜਣੀ ਪਵੇਗੀ। ਭਾਈ ਮੰਝ ਜੀ ਨੇ ਪਿੰਡ ਪੁੱਜਦਿਆਂ ਪੀਰ ਖਾਨਾ ਢਾਹਿਆ ਤੇ ਫਿਰ ਪੰਜਵੇਂ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਲਿਵਲੀਨ ਹੋ ਗਏ। ਲੰਗਰ ਲਈ ਲੱਕੜਾਂ ਲਿਆਉਂਦੇ ਤੇ ਇੱਕ ਵਾਰੀ ਲੱਕੜਾਂ ਲਿਆਉਂਦਿਆਂ ਖੂਹ ਵਿੱਚ ਡਿੱਗ ਗਏ ਪਰ ਲੱਕੜਾਂ ਨਹੀਂ ਡਿੱਗਣ ਦਿੱਤੀਆਂ। ਪੰਜਵੇਂ ਪਾਤਸ਼ਾਹ ਜੀ ਨੂੰ ਪਤਾ ਲੱਗਿਆ ਤੇ ਮਹਾਰਾਜ ਜੀ ਆਪ ਉੱਥੇ ਪਹੁੰਚੇ। ਜਦੋਂ ਰੱਸੀ ਸੁੱਟੀ ਤੇ ਕਿਹਾ ਕਿ ਬਾਹਰ ਆ ਜਾਓ ਪਰ ਭਾਈ ਮੰਝ ਜੀ ਨੇ ਬੇਨਤੀ ਕੀਤੀ ਕਿ ਪਹਿਲਾਂ ਲੱਕੜਾਂ ਬਾਹਰ ਕੱਢੋ, ਮੈਂ ਬਾਅਦ ਵਿੱਚ ਆਵਾਂਗਾ। ਪੰਜਵੇਂ ਪਾਤਸ਼ਾਹ ਜੀ ਨੇ ਖੁਸ਼ ਹੋ ਕੇ ਫਿਰ ਬਚਨ ਕੀਤਾ :

***ਮੰਝ ਪਿਆਰਾ ਗੁਰੂ ਕੋ ਗੁਰ ਮੰਝ ਪਿਆਰਾ।***
***ਮੰਝ ਗੁਰੂ ਕਾ ਬੋਹਿਥਾ ਜਗ ਲੰਘਣ ਹਾਰਾ।***

ਕਿੰਨੀ ਵਡਿਆਈ ਦਿੱਤੀ, ਮਹਾਰਾਜ ਜੀ ਕਹਿੰਦੇ, ਗੁਰੂ ਦਾ ਜਹਾਜ਼ ਭਾਈ ਮੰਝ ਹੈ।

❂❂❂

# ਅਨਮੋਲ ਬਚਨ

## ਧੰਨ ਧੰਨ ਬਾਬਾ ਨੰਦ ਸਿੰਘ ਜੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ:-

ਸੰਗ੍ਰਹਿ ਕਰਤਾ-ਸੰਪਾਦਕ

ਪੂੰਨਾਂ ਦਾ ਸੂਰਜ ਜਦ ਸਿਖਰ ਤੇ ਆਉਂਦਾ ਹੈ ਤਾਂ ਮਹਾਂਪੁਰਖਾਂ ਦੇ ਦਰਸ਼ਨ ਹੁੰਦੇ ਹਨ।

290

ਦੂਜੇ ਦੇ ਔਗੁਣ ਦੇਖਦੇ ਹੋ, ਆਪਣੇ ਔਗੁਣ ਵੇਖੋ। ਡਾਇਰੀ ਵਿੱਚ ਆਪਣਾ ਔਗੁਣ ਲਿਖੋ ਤੇ ਰਾਤ ਨੂੰ ਸੌਣ ਤੋਂ ਪਹਿਲਾਂ ਉਨ੍ਹਾਂ ਨੂੰ ਵੀਚਾਰੋ।

291

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

124

ਗੁਰੂ ਤੇ ਜਿਹੋ ਜਿਹੀ ਭਾਵਨਾ ਹੋਵੇਗੀ ਉਹੋ ਜਿਹਾ ਹੀ ਰੁਤਬਾ ਪ੍ਰਾਪਤ ਹੋਵੇਗਾ।

125

ਮਨਮੁੱਖਾਂ ਦੀ ਸੰਗਤ ਦੁਬਿਧਾ ਪੈਦਾ ਕਰ ਦਿੰਦੀ ਹੈ। ਦੁਬਿਧਾ ਪਰਮਾਰਥ ਦੇ ਰਸਤੇ ਤੋਂ ਖਿੜਕਾ ਦਿੰਦੀ ਹੈ।

—ਭਾਈ ਅਮਰੀਕ ਸਿੰਘ ਗਨੈਸਕ

परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद

# धन्य धन्य श्री गुरु रामदास जी की बख्शिश को पहचानें

–जसविन्द्र सिंघ (पटियाला)

*सोढी स्रिसिट सकल तारण कउ*
*अब गुर रामदास कउ मिली बडाई ।।*

*(अंग १४०६)*

इतनी दयालुता! संपूर्ण सृष्टि को पार उतारने के लिए धन्य श्री गुरु रामदास जी, चौथे पातशाह जी की ज्योति यहाँ आई हैः

*पतित उधारणु सतिगुरु मेरा*
*मोहि तिस का भरवासा ।।*
*बखसि लए सभि सचै साहिबि*
*सुणि नानक की अरदासा ।।*

*(अंग ६२०)*

सारी संगत धन्य श्री गुरु रामदास जी के प्यार–सत्कार में ऊँची आवाज में कहो, सतिनाम श्री वाहिगुरु जी!

श्री गुरु रामदास जी सेवा सोसाइटी की तरफ से पटियाला शहर में यह महान प्रयास कीर्तन दरबार के रूप में गुरु की कृपा और आप संगतों के सहयोग के साथ किया गया था। संत बाबा राम सिंघ जी से आप जी ने बहुत आनंद की अनुभूति की है। कुछ समय दास को आपके दर्शन करने का नसीब प्राप्त हुआ। इतना बड़ा पंडाल, इतनी बड़ी एकत्रता, इतना बड़ा प्यार! यह सब कुछ तब सफल होगा, यदि धन्य श्री गुरु रामदास जी के प्रति हम यहाँ से श्रद्धा–भावना लेकर चलें। यदि आपकी भावना बन गई कि धन्य श्री गुरु रामदास जी समस्त सृष्टि को पार उतारने वाले हैं, फिर और कहीं जाने की जरुरत नहीं पड़ेगी।

*सोढी स्रिसिट सकल तारण कउ*
*अब गुर रामदास कउ मिली बडाई ।।*

*(अंग १४०६)*

गुरबाणी की इस पंक्ति में कितनी बड़ी भावना दिखाई है कि धन्य श्री गुरु रामदास जी, आप जी समस्त सृष्टि को तारने वाले हो! धन्य श्री गुरु रामदास जी ने सृष्टि को पार उतारने के लिए धन्य श्री गुरु अमरदास जी महाराज से यह खज़ाना प्राप्त किया है। भावना की बात है धन्य श्री गुरु रामदास जी महाराज को इतना तरस (दया) आया कि अमृतसर में श्री हरिमंदिर साहिब धन्य धन्य श्री गुरु ग्रंथ साहिब जी के रूप में हमेशा–हमेशा के लिए टिक गए, समस्त सृष्टि को पार उतारने के लिए।

संपूर्ण सृष्टि को पार उतारने के लिए, धन्य श्री गुरु अमरदास जी बार–बार कहते थे कि थड़े बना दो, थड़े ध्वस्त कर दो। धन्य श्री गुरु अमरदास जी कहने लगे, मैं तो वह थड़ा ढूँढ रहा हूँ जो इतना दयालु हो, इतना दयालु हो कि

पुण्य कमाने वालों को तो सभी संभाल लेते हैं, मुझे ऐसा थड़ा चाहिए जो पापियों को भी संभाल ले। फिर वह थड़ा ढूँढा, चौथे पातशाह धन्य श्री गुरु रामदास जी का।

अमेरिका के वर्जीनिया शहर का एक शरीर था। बाहर (विदेश) के मुलकों को रिसर्च करने का बहुत शौक होता है। वह शरीर साध संगत जी, रिसर्च करने के लिए निकला कि कौन से धर्म में कितनी बार कोई व्यक्ति बख्शा (क्षमा किया) जा सकता है। काफी धर्मों के पैरोकार उसने एकत्र किए। एक को पूछा, बताओ भाई, आपका पैगम्बर कितनी बार किसी को बख्शता है? उसने उत्तर दिया, जी एक बार। फिर दूसरे को पूछा कि आपका पैगम्बर कितनी बार बख्शता है? जी, तीन बार। तीसरे को पूछा कि आपका पैगम्बर कितनी बार बख्शता है? जी, सात बार। स्टेज से उठकर पूछ सकते हो, कहीं एक बार, कहीं तीन बार और कहीं सात बार। विषय है, गुरु का बड़प्पन। यह नहीं कि किसी को नीचा दिखाने की बात है। विषय है, मात्र एक का बन जा। अब सबसे पूछने के बाद अब बारी आई गुरु के सिक्ख की। रिसर्च करने वाले ने उसको भी पूछा सिक्ख धर्म में कोई गलती करे तो कितनी बार बख्शा जाता है? अब जिसने सात बार कहा था, उसके लिए अभी तक बड़ी संख्या वह थी। जब उस रिसर्च करने वाले ने गुरु के सिक्ख से पूछा कि आपका पैगम्बर, आपका रहबर, आपका मालिक, आपका गुरु कितनी बार बख्शता है? कलम हाथ में, कापी हाथ में है रिसर्च करने वाले के, तथा कहते कि गुरु के सिक्ख की आँखों में आँसू आ गए, वैराग्य के। गला भर आया। वह कहने लगा, भाई साहिब बोलते क्यों नहीं? गुरु के सिक्ख ने भरे हुए गले के साथ, प्यार के साथ कहा, तेरी कलम संख्या नहीं लिख सकती। वह कहने लगा, बताओ तो सही तेरह बार बख्शते हैं? बीस बार, तीस बार, पचास बार, सौ बार बख्शते हैं? मेरी कलम संख्या क्यों नहीं लिख सकती? तथा फिर गुरु के सिक्ख ने चौथे पातशाह धन्य श्री गुरु रामदास जी का एक वचन सुनाया। गुरु का सिक्ख वैराग्य में, गला भरा पड़ा है। कहने लगा, चार सिक्ख आए थे, श्री गुरु रामदास जी के पास। उन चारों ने कहा, महाराज जी एक प्रश्न है। कृपा करो, उत्तर दो। धन्य श्री गुरु रामदास जी कहने लगे– बताओ क्या प्रश्न है? सतिगुरु जी! बहुत देर से मन में प्रश्न था तथा आपके चरणों में प्रश्न लाये हैं। आज हमारे संशय का समाधान करो कि सिक्ख को कितनी बार बख्शते हो? तथा चौथे पातशाह जी ने संख्या नहीं बताई थी तथा प्रत्युत्तर दिया कि जितनी बार भी कोई मन करके शरण में आ जाए, मुझे बख्शना पड़ता है।

***जो सरणि आवै तिसु कंठि लावै***
***इहु बिरदु सुआमी संदा।।***

*(अंग ५४४)*

ये किताबी बातें नहीं हैं, खालसा जी! कल को आप अपने बच्चों को बता सकते हो क्योंकि आपने आँखों के साथ समय देखा है। 1984 का समय आपने आँखों के साथ देखा है। साका नीला तारा आपने आँखों के साथ देखा है। ब्लैक थंडर आपने आँखों के साथ देखा है।

साका नीला तारा के समय, ब्लैक थंडर के समय जिन से भी उस समय किसी बात के कारण किसी प्रभाव के कारण खालसा जी, भूलें

हुई हैं और वे एक वर्ष के बाद, छह महीने के बाद, तीन वर्ष के बाद या जब भी उनको थोड़ी बहुत होश आई है कि गलती की है, गलती हुई है तथा खालसा जी, बताओ, जब वे श्री अकाल तख्त साहिब की शरण में आए हैं कि गलती हुई है चाहे कि बड़ी–बड़ी गलतियाँ, बड़ी–बड़ी भूलें उन्होंने की हुई थी परंतु गुरु–घर ने यह नहीं कहा कि आपके लिए जगह नहीं। इतना ही कहा है कि सात दिन बर्तन मांजने हैं, इतने पाठ करने हैं? परंतु यह नहीं कहा कि तेरे लिए अब गुरु घर में जगह नहीं है। यह कैसा दर है। एक पंक्ति दास के सामने आई है। दास आशा करता है कि सारी संगत भावना बनाना कि धन्य श्री गुरु रामदास जी, आप कौन हो? सभी बोलोः

***मिठ बोलड़ा जी हरि सजणु सुआमी मोरा।।***

*(अंग ७८४)*

दयालुता की एक सीढ़ी और चढ़ो जी। ध्यान देना, खालसा जी! भूल हुई। वर्ष बाद, छह महीने के बाद, दो वर्ष के बाद जब भी कोई श्री अकाल तख्त साहिब की शरण में आया इस घर ने उसको आलिंगन में लेने से कभी इंकार नहीं किया। दयालुता की एक और सीढ़ी दास ने अपनी आँखों से देखी। इतने दयालु! 1984 के समय एक शरीर से भूल हुई। संगत जी ध्यान देना। कोई एक वर्ष के बाद आया, कोई दो वर्ष के बाद आया, कोई चार वर्ष के बाद आया, कोई छः महीने बाद आया पर यह शरीर सोचता रहा कि आज जाता हूँ, कल जाता हूँ। परंतु उसके श्वासों की पूंजी समाप्त हो गई। संसार त्याग गया। शरीर त्याग गया। देखो कितनी दयालुता! एक शरीर जिस से भोले–भाव या वैसे ही भूल हुई तथा सोचता रहा कि भूल बख्शवाने, क्षमा माँगने आज जाता हूँ, कल जाता हूँ परंतु एक दम हुक्म हो गया, शरीर त्याग दिया लेकिन उनका सुपुत्र, सिक्ख उनके शरीर त्यागने के छह महीने बाद तथा कहने लगा कि मेरे पिता जी से भूल हुई है पर अब वे शरीर त्याग गए हैं उनकी जगह मुझको सजा लगा दो तथा उनको दरगाह में से बख्शवा दो। श्री अकाल तख्त साहिब ने उसको भी अपने प्यार भरे बाजुओं के घेराव में ले लिया। कैसा घर है धन्य श्री गुरु रामदास जी का? गलती करने वाला शरीर भी त्याग जाए, लेकिन एक धन्य श्री गुरु रामदास जी का घर कहता है कि इसको भी बख्श दो। इससे क्या भाव है? मरने के बाद भी क्षमा किया जा सकता है। कोई वंचित न रहे। सभी एक बार कहो, तेरा घर कौन–सा है?

***मिठ बोलड़ा जी हरि सजणु सुआमी मोरा।।***

*(अंग ७८४)*

खालसा जी! आपने पता नहीं नोट किया हो या न किया हो परंतु दास ने नोट किया है। धन्य श्री गुरु रामदास जी का दर कैसा है?

***सोढी स्रिसटि सकल तारण कउ***
***अब गुर रामदास कउ मिली बडाई।।***

*(अंग १४०६)*

कहीं किसी को एक बार बख्श दिया जाता है, कहीं तीन बार, कहीं सात बार और धन्य श्री गुरु रामदास जी कहते, सिक्ख जितनी बार भी मन से शरण में आ जाए, मुझे बख्शना ही पड़ता है। एक चीज़ आपने शायद नोट की हो या न। कभी करना! जिसने भी कोई गलती की, जब वह मन नीवां करके धन्य गुरु रामदास जी की शरण में आया है, चाहे सात दिन बर्तन मांजने की सेवा

लगी है तथा चाहे जोड़िओं की सेवा लगी, जब वह भूल बख्शवाने आया है, पहले से दुगुणा, चौगुणा होकर, चमक कर बाहर निकला है। यह कैसा दर है। उसका पहले से सत्कार जगत में बड़ा है। कोई ले लो। जितने भी शरण आए हैं चमक कर बाहर निकले हैं। दास एक नाम लेता है। बूटा सिंघ ही ले लो। बूटा सिंघ शरण आया है। अब जब शरण आया, भूल हुई, गलती हुई तथा फिर कैसे चमक के निकले कि श्री हजूर साहिब की समस्त प्रबंधक कमेटी का चेयरमैन लगा दिया। महाराज जी कहते, जो मन नीवां करके आ जाए, उसको मैं चमका कर बाहर निकालता हूँ। यह है बड़प्पन।

कुछ समय पहले की बात है, ज्ञानी जोगिंदर सिंघ जी वेदांती बैठे थे, साथ दास भी बैठा हुआ था। एक शरीर बहुत प्यार करने वाला बैठा। बात हंसी वाली है। वह शरीर कहने लगा, वेदांती जी, हमको संसार में कोई पूछता नहीं। हम चाहते हैं कि मशहूरी हो। हमको कोई पूछता नहीं। वेदांती जी कहते, आप भी सजा लगा लो जिसको भी सजा लगी है वह दुगुना–चौगुना होकर चमक कर निकला है। यह प्यार की बात है। कैसा दर है। जो मन नीवां करके आया है, धन्य श्री गुरु रामदास जी ने भरकर भेजा है।

गुरु–घर कितना बड़ा है। जब यह स्थान बन गया फिर प्यार ही प्यार है। मन बिक गया। धन्य श्री गुरु अमरदास जी कहते कि पुण्य करने वालों को तो सभी ही गले से लगाते हैं, मुझे वह थड़ा चाहिए जो पापियों को भी गले से लगा ले। फिर थड़ा ढूँढा गुरु रामदास जी के रूप में। महाराज सच्चे पातशाह जी की गुरबाणी में बड़ाई लिखी है।

***सोढी स्रिसटि सकल तारण कउ***
***अब गुर रामदास कउ मिली बडाई ।।***

*(अंग १४०६)*

संपूर्ण सृष्टि को पार उतारने के लिए गुरु रामदास जी महाराज सदा–सदा के लिए शब्द रूप में टिक गए। यह प्रत्यक्ष बात है। आप में से कोई छः मास का समय निकाले। दास गुरु की कृपा के साथ कहता है। कॉपी पैंसिल लेकर दरबार साहिब श्री हरिमंदिर साहिब अमृतसर चला जाए। धन्य श्री गुरु रामदास जी के दर पर चाहे सराय की तरफ, चाहे घंटा घर की तरफ, चाहे आटा मण्डी की तरफ खड़ा हो जाए। जो शरीर श्री हरिमंदिर साहिब से बाहर निकले, उसको इतना पूछ लेना कि तुम्हें यहाँ से क्या मिला है? बता, तेरे साथ क्या घटित हुआ है? स्टेज से कहता हूँ, सच्चे गुरु के दामन लगो। यह कोई ट्राई कर ले। मात्र बातें भीतर की भीतर रह जाती हैं। आती नहीं लिखित रूप में। आप श्री दरबार साहिब के किसी गेट पर कॉपी पैन लेकर खड़े हो जाओ तथा पूछो संगत को कि बताओ, आपको यहाँ से क्या मिला है? दास स्टेज से कहता है खालसा जी, रोज की कितनी पुस्तकें छप जाएँगी। यह वह दर है। आज भी प्रत्यक्ष बख्शिशें हो रही हैं। झोलियां भर रही हैं परंतु हरेक की बात भीतर ही है। आपने एक नाम सुना होगा, अजीत अखबार में उनके लेख भी आते हैं, ज्ञानी सरूप सिंघ जी अलग। उन्होंने केशों के बारे में भी बहुत सुंदर पुस्तक छापी है। श्री दरबार साहिब की महानताओं के बारे में भी, अखबारों में उनके लेख आते हैं। एक

छोटी–सी घटना उन्होंने लिखी है।

उन्होंने लिखा है, मैं श्री हरिमंदिर साहिब के अंदर अमृत वेले चार बजे कीर्तन सुन रहा था। पुस्तक में लिखते हैं कि मेरे आगे लगभग 60 वर्ष का एक शरीर बुजुर्ग। 55–60 वर्ष की आयु तथा वह बुजुर्ग भी कीर्तन सुन रहा था। पूरी समाधि लगी हुई तथा चेहरे पर नाम की रूहानीयत। कहते कि मुझको कीर्तन सुनते–सुनते मन में अकस्मात ख्याल आया कि बहुत जुड़ी हुई रूह बैठी है। बड़ी अच्छी रूह है। यह अरदास किया करो। जब भी आप गुरबाणी पढ़ो, सहज पाठ करो, कीर्तन सुनो, यत्न करो कि हमारी इन्द्रियां कंट्रोल में हो जाएँ। इन्द्रियों पर कंट्रोल के बाद यत्न किया करो कि ख्याल कंट्रोल में हो जाएँ। आप जी कई बार सुखमनी साहिब का पाठ करो, जपुजी साहिब का पाठ करो। कई बार ऐसे चैप्टर खुलते हैं कि ध्यान दूसरी ओर चला जाता है। बाणी पढ़ी जा रही होती है। चैपटर ऐसा खुल जाता है। यह जो गुरमुख आत्माएं हैं ये फिर इन चैपटरों पर कंट्रोल करती हैं, हे चैपटर खोलने वाले! तेरे साथ यारी डाली है, तू स्वयं संभाल। कोशिश करो, इन्द्रियाँ कंट्रोल में हो जाएं। महात्म बढ़ता जाएगा। स्मरण रखना! एक पंक्ति पढ़ लो। इस अवस्था की पंक्ति लिखी हैः

*गुरमुखि अंतरि सहजु है*
*मनु चड़िआ दसवै आकासि ।।*
*तिथै ऊंघ न भुख है*
*हरि अंम्रित नामु सुख वासु ।।*

*(अंग १४१४)*

अब एकाग्रचित होकर श्री अखंड पाठ साहिब सुनना। यह आपके, मेरे जैसे का काम नहीं। ये इन्द्रियां कंट्रोल में हो जाएँ। छोटे होते थे तथा हमने भगत कबीर जी की पंक्ति को पढ़ना :

***संतहु माखनु खाइआ छाछि पीऐ संसारु ।।***

*(अंग १३६५)*

दास जब छोटा होता था, मन में सोचना कि संत माखन खाते हैं क्योंकि ऐसा लिखा है। फिर दास ने सोचना कि माखन तो बाकी भी खाते हैं। अब ज्यों–ज्यों बड़े हुए, पता चला, अर्थ क्या है? कीर्तन वही है। सतिगुर की हजूरी वही है। जगह वही है परंतु इन्द्रियाँ कंट्रोल में हो गईं। ख्याल कंट्रोल में हो गए। तथा महात्म माखन जैसा झोली में पड़ रहा है तथा यदि ध्यान दूसरी ओर, चित अन्य दिशा की ओर तथा फिर महात्म छाछ जैसा झोली में पड़ रहा है।

ये ज्ञानी सरूप सिंघ जी अलग। यह लिखते हैं कि मैं अमृत वेले चार बजे कीर्तन सुन रहा था। आगे 55 वर्ष की रूह बड़ी रंगी हुई, आँखें मूंदी हुईं, चेहरे पर रूहानीयत तथा कीर्तन में जुड़ी बैठी। ज्ञानी सरूप सिंघ जी अलग लिखते हैं कि जब मैंने उसको देखा कि क्या दिख पड़ा कि उसके कुर्ते को देखा कि गांठ लगी है। इतनी रंगी रूह परंतु कुर्ता गांठों वाला पहना है। यूं लगता है कि बहुत निर्धन है। कहते कि मैंने सोचा कि इनको 200/– रुः दे दूँ। उन्होंने नमस्कार की तथा बाहर आ गए। कहते कि मैं भी पीछे–पीछे। 200/– रुः निकाल कर मुट्ठी में रख लिए कि इनको दूंगा इसलिए कि ये कुर्ता–पजामा सिला लें। अब श्री हरिमंदिर साहिब में कड़ाह प्रसाद बाहर आकर मिलता है

परंतु पहले प्रसाद अंदर मिलता था, उस से आगे से बुजुर्ग आए तथा ज्ञानी सरूप सिंघ जी अलग लिखते, मैंने सोचा कि आगे होऊँ तथा इनको 200/- रुः पकड़ाऊँ तांकि ये कुर्ता-पजामा ले सकें। कहते कि मैं तनिक सा आगे हुआ, लगभग 55 वर्ष के बुजुर्ग तथा मेरी पीठ पर हाथ मार कर कहते हैं, ओ बड़े दानी जन! ध्यान देना! कहने लगे, ओ बड़े दानी, न स्वयं कीर्तन सुना और न मुझे सुनने दिया। वे लिखते हैं कि जब उन्होंने इतनी बात कही तो मैं लज्जित हो गया कि मेरे अंदर की बात उन्होंने कैसे बूझ ली? वे कहने लगे, मेरा कंधा पकड़ के कहते कि न स्वयं कीर्तन सुना तथा न मुझे सुनने दिया। बता, क्या कहता है? कहने लगे मैं चाहता था कि आप कुर्ता-पजामा सिलवा लें। कहने लगे कि वे 55 वर्ष के बुजुर्ग मेरे कंधे पर हाथ मार कर कहने लगे कि मैं बहुत बड़ा ट्रांसपोर्टर हूँ। 100 ट्रक मेरा चलता है, गुरु की कृपा से। वे लिखते हैं कि जब उन्होंने यह कहा कि 100 ट्रक चलता है तो मैंने कहा कि फिर कुर्ता तो अच्छा पहन लो। कुर्ते को तो गांठ लगी हुई है। जब मैंने इतनी बात कही कि कुर्ता तो अच्छा पहन लो तो वे आँखों में पानी भर कर कहते कि तूने एक गांठ देखी है। अच्छी तरह नहीं देखा। अच्छी तरह देख। 14 गांठे लगी हुई हैं। कहते कि मैंने कहा यह क्यों लगाई हैं? कहने लगे कि मैं अमृतसर का रहने वाला नहीं। मैं बाहर का रहने वाला हूँ। मैं सहजधारी था। जब धन्य श्री गुरु रामदास जी के चरणों में आता था तो कहता था कि धन्य श्री गुरु रामदास जी कृपा करो, कृपा करो। यह तेरी सिक्खी मेरी ज़िंदगी में भी आ जाए। वे बुजुर्ग कहने लगे कि जिस दिन मैंने केश रखे, मुझ पर कृपा हो गई, उस दिन मैंने कुर्ते को एक गांठ लगा ली कि धन्य श्री गुरु रामदास जी ने बहुत बड़ी दरगाही दात दामन में डाली है। 55 वर्ष के बुजुर्ग कहने लगे, फिर मैं धन्य श्री गुरु रामदास जी के दर पर पल्लू डाल कर कहने लगा कि हे गुरु रामदास जी! मुझे अमृत की दात कब दोगे? मुझे खालसा कब बनाओगे? मेरी बिध (विधि) बना दो। देखो, कितनी श्रद्धा थी उनकी। मात्र पहचानने की आवश्यकता है।

